ਜਿਲਦ: 6,ਅੰਕ:20

16 – 30 ਅਪ੍ਰੈਲ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ





## ਨਕਸਲ ਮੁਕਤ ਨਵਾਂ ਭਾਰਤ

31 ਮਾਰਚ 2026 ਨਕਸਲ ਮੁਕਤ ਭਾਰਤ ਦਾ ਸੁਪਨਾ ਹੋਇਆ ਸਾਕਾਰ,

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਮਜ਼ਬੂਤ ਇੱਛਾ-ਸ਼ਕਤੀ ਅਤੇ ਵਿਕਾਸ ਦੀ ਸੋਚ ਨੇ ਦੇਸ਼ ਵਿੱਚ ਵਧਾਇਆ ਸ਼ਾਂਤੀ ਅਤੇ ਭਰੋਸਾ

ਈ-ਕਾਪੀ ਦੇ ਲਈ QR ਕੋਡ ਸਕੈਨ ਕਰੋ



**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਾਕੀਦ**

# ਫਿਟਨੈੱਸ 'ਤੇ ਜ਼ਰੂਰ ਦਿਓ ਧਿਆਨ, ਚੀਨੀ ਅਤੇ ਤੇਲ ਦੀ ਘੱਟ ਕਰੋ ਵਰਤੋਂ

'ਮਨ ਕੀ ਬਾਤ' ਪ੍ਰੋਗਰਾਮ ਦੇ ਲਈ ਹਰ ਮਹੀਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬਹੁਤ ਸਾਰੇ ਸੰਦੇਸ਼ ਮਿਲਦੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਕਿੰਨੇ ਚਾਅ ਨਾਲ ਇਸ ਨੂੰ ਸੁਣਦੇ ਹਨ। ਲੋਕਾਂ ਦੇ ਸੁਝਾਵਾਂ ਤੋਂ ਲਗਦਾ ਹੈ ਕਿ ਇਹ ਸਿਰਫ਼ ਇੱਕ ਪ੍ਰੋਗਰਾਮ ਨਹੀਂ ਸਗੋਂ ਇੱਕ ਸਾਂਝਾ ਸੰਵਾਦ ਬਣ ਗਿਆ ਹੈ। ਲੋਕਾਂ ਦੇ ਵਿਚਾਰ ਅਤੇ ਅਨੁਭਵ, ਇਸ ਪ੍ਰੋਗਰਾਮ ਨੂੰ ਲਗਾਤਾਰ ਬਿਹਤਰ ਬਣਾਉਣ ਦੀ ਪ੍ਰੇਰਣਾ ਦਿੰਦੇ ਹਨ। 29 ਮਾਰਚ ਨੂੰ ਪੇਸ਼ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫਿਟਨੈੱਸ 'ਤੇ ਧਿਆਨ ਦੇਣ, ਚੀਨੀ ਅਤੇ ਤੇਲ ਦੀ ਘੱਟ ਵਰਤੋਂ ਕਰਨ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਗੱਲ ਕੀਤੀ। ਪੇਸ਼ ਹਨ ਪ੍ਰਮੁੱਖ ਅੰਸ਼.........

- **ਖਾੜੀ ਦੇਸ਼ਾਂ ਦਾ ਧੰਨਵਾਦ:** ਮੌਜੂਦਾ ਸਮੇਂ ਵਿੱਚ ਸਾਡੇ ਗੁਆਂਢ ਵਿੱਚ ਭਿਆਨਕ ਜੰਗ ਚਲ ਰਹੀ ਹੈ। ਸਾਡੇ ਲੱਖਾਂ ਪਰਿਵਾਰਾਂ ਦੇ ਰਿਸ਼ਤੇਦਾਰ ਇਨ੍ਹਾਂ ਦੇਸ਼ਾਂ ਵਿੱਚ ਰਹਿੰਦੇ ਹਨ। ਮੈਂ ਖਾੜੀ ਦੇਸ਼ਾਂ ਦਾ ਬਹੁਤ ਧੰਨਵਾਦੀ ਹਾਂ, ਉਹ ਅਜਿਹੇ ਇੱਕ ਕਰੋੜ ਤੋਂ ਵੱਧ ਭਾਰਤੀਆਂ ਨੂੰ ਉੱਥੇ ਹਰ ਤਰ੍ਹਾਂ ਦੀ ਮਦਦ ਦੇ ਰਹੇ ਹਨ।

- **ਅਫਵਾਹਾਂ ਤੋਂ ਬਚੋ:** ਮੈਂ ਸਾਰੇ ਦੇਸ਼ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਜਾਗਰੂਕ ਰਹਿਣ ਅਤੇ ਅਫਵਾਹਾਂ ਦੇ ਬਹਿਕਾਵੇ ਵਿੱਚ ਨਾ ਆਉਣ। ਸਰਕਾਰ ਵੱਲੋਂ ਜੋ ਤੁਹਾਨੂੰ ਲਗਾਤਾਰ ਜਾਣਕਾਰੀ ਦਿੱਤੀ ਜਾ ਰਹੀ ਹੈ, ਉਸ 'ਤੇ ਭਰੋਸਾ ਕਰੋ ਅਤੇ ਉਸ 'ਤੇ ਵਿਸ਼ਵਾਸ ਕਰਕੇ ਹੀ ਕੋਈ ਕਦਮ ਚੁੱਕੋ।

- **ਦੇਸ਼ ਵਾਸੀਆਂ ਦੀ ਸਮਰੱਥਾ:** ਮੈਨੂੰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਵਿਸ਼ਵਾਸ ਹੈ ਕਿ ਜਿਸ ਤਰ੍ਹਾਂ ਅਸੀਂ ਦੇਸ਼ ਦੇ 140 ਕਰੋੜ ਦੇਸ਼ ਵਾਸੀਆਂ ਦੀ ਸਮਰੱਥਾ ਨਾਲ ਪੁਰਾਣੇ ਸੰਕਟਾਂ ਨੂੰ ਹਰਾਇਆ ਸੀ, ਇਸ ਵਾਰ ਵੀ ਅਸੀਂ ਸਾਰੇ ਮਿਲ ਕੇ ਇਸ ਮੁਸ਼ਕਲ ਹਾਲਾਤ ਵਿੱਚੋਂ ਬਹੁਤ ਚੰਗੀ ਤਰ੍ਹਾਂ ਬਾਹਰ ਨਿਕਲ ਜਾਵਾਂਗੇ।

- **ਜਲ ਸੰਚਯ ਅਭਿਆਨ:** ਪਿਛਲੇ 11 ਵਰ੍ਹਿਆਂ ਵਿੱਚ 'ਜਲ ਸੰਚਯ ਅਭਿਆਨ' ਨੇ ਲੋਕਾਂ ਨੂੰ ਬਹੁਤ ਜਾਗਰੂਕ ਬਣਾਇਆ ਹੈ। ਇਸ ਅਭਿਆਨ ਦੇ ਤਹਿਤ ਦੇਸ਼ ਭਰ ਵਿੱਚ ਲਗਭਗ 50 ਲੱਖ ਆਰਟੀਫਿਸ਼ੀਅਲ ਜਲ ਸੰਚਯਨ ਢਾਂਚੇ ਬਣਾਏ ਗਏ ਹਨ।

- **ਅੰਮ੍ਰਿਤ ਸਰੋਵਰ:** ਅੰਮ੍ਰਿਤ ਸਰੋਵਰ ਅਭਿਆਨ ਵਿੱਚ ਲਗਭਗ 70 ਹਜ਼ਾਰ ਅੰਮ੍ਰਿਤ ਸਰੋਵਰ ਬਣਾਏ ਗਏ ਹਨ। ਬਾਰਿਸ਼ ਦਾ ਮੌਸਮ ਆਉਣ ਤੋਂ ਪਹਿਲਾਂ ਇਨ੍ਹਾਂ ਸਰੋਵਰਾਂ ਦੀ ਸਾਫ਼-ਸਫ਼ਾਈ ਵੀ ਸ਼ੁਰੂ ਹੋ ਗਈ ਹੈ।

- **ਸੱਭਿਆਚਾਰ ਅਤੇ ਵਿਰਾਸਤ:** 'ਗਿਆਨ ਭਾਰਤਮ ਸਰਵੇ' ਦਾ ਸਬੰਧ ਸਾਡੇ ਮਹਾਨ ਸੱਭਿਆਚਾਰ ਅਤੇ ਸਮ੍ਰਿੱਧ ਵਿਰਾਸਤ ਨਾਲ ਹੈ। ਇਸ ਦਾ ਉਦੇਸ਼ ਦੇਸ਼ ਭਰ ਵਿੱਚ ਮੌਜੂਦ ਸਰੂਪਾਂ ਬਾਰੇ ਜਾਣਕਾਰੀ ਜਮ੍ਹਾਂ ਕਰਨਾ ਹੈ। ਇਸ ਸਰਵੇ ਨਾਲ ਜੁੜਨ ਦਾ ਇੱਕ ਮਾਧਿਅਮ 'ਗਿਆਨ ਭਾਰਤਮ ਐਪ' ਹੈ।

- **ਮੇਰਾ ਯੁਵਾ ਭਾਰਤ:** ਰਾਸ਼ਟਰ ਨਿਰਮਾਣ ਦੀ ਜ਼ਿੰਮੇਵਾਰੀ ਵਿੱਚ 'ਮੇਰਾ ਯੁਵਾ ਭਾਰਤ' ਯਾਨੀ MY Bharat ਸੰਗਠਨ ਵੱਡੀ ਭੂਮਿਕਾ ਨਿਭਾ ਰਿਹਾ ਹੈ। ਇਹ ਸੰਗਠਨ ਦੇਸ਼ ਦੇ ਨੌਜਵਾਨਾਂ ਨੂੰ ਵੱਖ-ਵੱਖ ਸਕਾਰਾਤਮਕ ਗਤੀਵਿਧੀਆਂ ਨਾਲ ਜੋੜ ਰਿਹਾ ਹੈ।

- **ਜੋ ਖੇਡੇਗਾ, ਉਹ ਖਿੜ੍ਹੇਗਾ:** ਮੈਂ ਅਕਸਰ ਕਹਿੰਦਾ ਹਾਂ, ਜੋ ਖੇਡੇਗਾ, ਉਹ ਖਿੜ੍ਹੇਗਾ। ਮੈਨੂੰ ਇਹ ਦੇਖ ਕੇ ਚੰਗਾ ਲਗਿਆ ਕਿ ਸਾਡੇ ਦੇਸ਼ ਦੇ ਨੌਜਵਾਨ, ਹੁਣ ਉਨ੍ਹਾਂ ਖੇਡਾਂ ਨੂੰ ਖੂਬ ਅਪਣਾ ਰਹੇ ਹਨ ਜੋ ਪਹਿਲਾਂ ਇੰਨੀਆਂ ਪ੍ਰਸਿੱਧ ਨਹੀਂ ਸਨ।

- **ਬਿਮਾਰੀਆਂ ਤੋਂ ਦੂਰ:** ਸਾਰੇ ਲੋਕ ਆਪਣੀ ਫਿਟਨੈੱਸ ਵੱਲ ਜ਼ਰੂਰ ਧਿਆਨ ਦੇਣ। ਚੀਨੀ ਦੀ ਵਰਤੋਂ ਘੱਟ ਕਰਨ। ਸਾਨੂੰ ਖਾਣ ਵਾਲੇ ਤੇਲ ਵਿੱਚ 10 ਫੀਸਦੀ ਦੀ ਕਟੌਤੀ ਵੀ ਕਰਨੀ ਚਾਹੀਦੀ ਹੈ। ਇਨ੍ਹਾਂ ਛੋਟੇ-ਛੋਟੇ ਯਤਨਾਂ ਨਾਲ ਤੁਸੀਂ ਮੋਟਾਪੇ ਅਤੇ ਲਾਈਫ ਸਟਾਈਲ ਨਾਲ ਜੁੜੀਆਂ ਬਿਮਾਰੀਆਂ ਤੋਂ ਦੂਰ ਰਹੋਗੇ।

- **ਸਮੁੰਦਰ ਦੇ ਯੋਧੇ:** ਸਾਡੇ ਮਛੇਰੇ ਭੈਣ-ਭਰਾ ਸਿਰਫ਼ ਸਮੁੰਦਰ ਦੇ ਯੋਧੇ ਹੀ ਨਹੀਂ ਹਨ, ਸਗੋਂ ਉਹ ਆਤਮ-ਨਿਰਭਰ ਭਾਰਤ ਦੀ ਇੱਕ ਮਜ਼ਬੂਤ ਨੀਂਹ ਹਨ। ਤਕਨਾਲੋਜੀ ਦੇ ਜ਼ਰੀਏ ਵੀ ਮਛੇਰਿਆਂ ਦੀ ਪੂਰੀ ਮਦਦ ਕੀਤੀ ਜਾ ਰਹੀ ਹੈ। ਅੱਜ ਮੱਛੀ ਪਾਲਣ ਅਤੇ ਸਮੁੰਦਰੀ ਸ਼ੈਵਾਲ ਦੇ ਖੇਤਰ ਵਿੱਚ ਨਵੇਂ-ਨਵੇਂ ਇਨੋਵੇਸ਼ਨ ਹੋ ਰਹੇ ਰਹੇ ਹਨ । ਮਛੇਰੇ ਭਰਾ-ਭੈਣ ਆਤਮਨਿਰਭਰ ਬਣ ਰਹੇ ਹਨ।

- **ਕਰੋੜਾਂ ਰੁੱਖ:** ਜਨਤਕ ਭਾਗੀਦਾਰੀ ਦਾ ਰੂਪ 'ਏਕ ਪੇੜ ਮਾਂ ਕੇ ਨਾਮ' ਅਭਿਆਨ ਦੌਰਾਨ ਦਿਖਾਈ ਦਿੰਦਾ ਹੈ। ਇਸ ਅਭਿਆਨ ਦੇ ਤਹਿਤ ਦੇਸ਼ ਭਰ ਵਿੱਚ ਕਰੋੜਾਂ ਰੁੱਖ ਲਗਾਏ ਗਏ ਹਨ।

- **ਸੋਲਰ ਪੈਨਲ:** ਘਰਾਂ ਦੀਆਂ ਛੱਤਾਂ 'ਤੇ ਵੱਡੀ ਗਿਣਤੀ ਵਿੱਚ ਸੋਲਰ ਪੈਨਲ ਲਗੇ ਦਿਖਾਈ ਦਿੰਦੇ ਹਨ। ਕੁਝ ਸਾਲ ਪਹਿਲਾਂ ਤੱਕ ਇਹ ਇੱਕਾ-ਦੁੱਕਾ ਘਰਾਂ 'ਤੇ ਹੀ ਦਿਖਾਈ ਦਿੰਦਾ ਸੀ। ਪਰ ਅੱਜ 'ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ' ਦਾ ਪ੍ਰਭਾਵ ਦੇਸ਼ ਦੇ ਕੋਨੇ-ਕੋਨੇ ਵਿੱਚ ਦਿਖਾਈ ਦੇਣ ਲਗਿਆ ਹੈ।

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ
# ਸਮਾਚਾਰ

ਜਿਲਦ: 6, ਅੰਕ: 20 | 16 - 30 ਅਪ੍ਰੈਲ, 2026



ਐਡੀਟਰ ਇਨ ਚੀਫ਼ :
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ,
ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
ਸੰਤੋਸ਼ ਕੁਮਾਰ

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
ਪਵਨ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ
ਅਖਿਲੇਸ਼ ਕੁਮਾਰ
ਚੰਦਨ ਕੁਮਾਰ ਚੌਧਰੀ

ਭਾਸ਼ਾ ਸੰਪਾਦਨ
ਸੁਮਿਤ ਕੁਮਾਰ (ਅੰਗ੍ਰੇਜ਼ੀ),
ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)
ਨਦੀਮ ਅਹਿਮਦ (ਉਰਦੂ)

ਸੀਨੀਅਰ ਡਿਜ਼ਾਈਨਰ
ਫੂਲ ਚੰਦ ਤਿਵਾਰੀ


ਡਿਜ਼ਾਈਨਰ
ਅਭੈ ਗੁਪਤਾ
ਸਤਯਮ ਸਿੰਘ




13 ਭਾਸ਼ਾਵਾਂ ਵਿੱਚ ਉਪਲਬਧ
**'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:**
https://newindiasamachar.pib.gov.in/news.aspx
**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**
https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ'
ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-
@NISPIBIndia

## ਅੰਦਰਲੇ ਪੰਨਿਆਂ ਉੱਤੇ ...




**ਕਵਰ ਸਟੋਰੀ**

ਪਿਛਲੇ 12 ਵਰ੍ਹਿਆਂ ਵਿੱਚ ਰਾਸ਼ਟਰੀ ਸੁਰੱਖਿਆ ਦੇ ਖੇਤਰ ਵਿੱਚ ਭਾਰਤ ਨੇ ਨਕਸਲਵਾਦ ਅਤੇ ਮਾਓਵਾਦੀ ਹਿੰਸਾ ਦੇ ਵਿਰੁੱਧ ਨਿਰਣਾਇਕ ਦੌਰ ਨੂੰ ਪਾਰ ਕਰ ਲਿਆ ਹੈ। ਕਾਨੂੰਨ ਦੀ ਜਿੱਤ ਹੋਈ ਹੈ। ਜੋ ਇਲਾਕੇ ਕਦੇ 'ਰੈੱਡ ਕੌਰੀਡੋਰ' ਕਹਾਉਂਦੇ ਸਨ, ਉਹ ਹੁਣ ਵਿਕਾਸ ਅਤੇ 'ਗ੍ਰੀਨ ਗ੍ਰੋਥ' ਦੇ ਕੇਂਦਰ ਬਣ ਚੁੱਕੇ ਹਨ। ਦਹਾਕਿਆਂ ਪੁਰਾਣੀ ਇਸ ਸਮੱਸਿਆ ਨੂੰ ਸਮਾਂਬੱਧ ਤਰੀਕੇ ਨਾਲ ਸਮਾਪਤ ਕਰਦੇ ਹੋਏ 31 ਮਾਰਚ 2026 ਨੂੰ 'ਨਕਸਲ ਮੁਕਤ ਭਾਰਤ' ਦਾ ਸੰਕਲਪ ਇਤਿਹਾਸਕ ਉਪਲਬਧੀ ਵਿੱਚ ਬਦਲ ਚੁੱਕਿਆ ਹੈ......... 12-24

**ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡਾ**




ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰ ਪ੍ਰਦੇਸ਼ ਦੇ ਜੇਵਰ ਸਥਿਤ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਪਹਿਲੇ ਪੜਾਅ ਦਾ ਕੀਤਾ ਉਦਘਾਟਨ ...... | 30-31

**ਵਿਸ਼ਵ ਸੰਕਟ 'ਤੇ ਪ੍ਰਧਾਨ ਮੰਤਰੀ ਮੋਦੀ**

### ਜਨਤਾ ਦਾ ਹਿਤ ਸਰਬਉੱਚ



ਸੰਸਦ ਦੇ ਦੋਵਾਂ ਸਦਨਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਸੰਬੋਧਨ, ਬੋਲੇ-ਚੁਣੌਤੀਆਂ ਨੂੰ ਮੌਕੇ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ ਨਵਾਂ ਭਾਰਤ | 37-39


ਸਮਾਚਾਰ ਸਾਰ |4-5

**ਸ਼ਖਸੀਅਤ: ਦਾਦਾ ਸਾਹੇਬ ਫਾਲਕੇ**
ਭਾਰਤੀ ਸਿਨੇਮਾ ਵਿੱਚ ਆਤਮ-ਨਿਰਭਰਤਾ ਲਿਆਉਣ ਵਾਲੇ ਦੂਰਅੰਦੇਸ਼ੀ |6

**'ਲੋਕ ਸੇਵਕ' ਵਿਕਸਿਤ ਭਾਰਤ ਦੇ ਸ਼ਿਲਪਕਾਰ**
21 ਅਪ੍ਰੈਲ ਨੂੰ 18ਵਾਂ ਸਿਵਿਲ ਸੇਵਾ ਦਿਵਸ |7-11

**ਰਾਸ਼ਟਰ ਨੀਤੀ ਨਵੇਂ ਭਾਰਤ ਦੀ ਰਾਜਨੀਤੀ ਦਾ ਅਧਾਰ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਟੀਵੀ-9 ਸਮਿਟ 2026 ਨੂੰ ਕੀਤਾ ਸੰਬੋਧਨ |25-27

**ਸੋਧੀ ਹੋਈ 'ਉਡਾਣ' ਅਤੇ ਭਾਰਤ ਉਦਯੋਗਿਕ ਵਿਕਾਸ ਯੋਜਨਾ ਨੂੰ ਮਨਜ਼ੂਰੀ**
ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਲਏ ਗਏ ਮਹੱਤਵਪੂਰਨ ਫੈਸਲੇ |28-29

**ਮੌਕੇ ਪੈਦਾ ਕਰਨ ਦਾ ਮਹੱਤਵਪੂਰਨ ਸਾਧਨ ਸਿੱਖਿਆ**
ਅਕਸ਼ੈ ਪਾਤਰ ਪ੍ਰੋਗਰਾਮ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕੀਤੀ ਭੋਜਨ ਵੰਡ |32-33

**ਸਸ਼ਕਤ ਗ੍ਰਾਮੀਣ, ਸਸ਼ਕਤ ਪੰਚਾਇਤ ਟਿਕਾਊ ਵਿਕਾਸ ਦਾ ਮਜ਼ਬੂਤ ਅਧਾਰ**
ਪੰਚਾਇਤੀ ਰਾਜ ਦਿਵਸ ਅਤੇ 'ਸਵਾਮਿਤਵ' ਦੇ 6 ਵਰ੍ਹਿਆਂ 'ਤੇ ਵਿਸ਼ੇਸ਼ |34-36

**ਪੱਛਮੀ ਏਸ਼ੀਆ ਸੰਕਟ ਨਾਲ ਮਿਲ ਕੇ ਨਜਿੱਠੇਗੀ 'ਟੀਮ ਇੰਡੀਆ'**
ਪ੍ਰਧਾਨ ਮੰਤਰੀ ਮੋਦੀ ਨੇ ਯੁੱਧ ਦੇ ਸੰਕਟ ਦੀ ਸਥਿਤੀ 'ਤੇ ਮੁੱਖ ਮੰਤਰੀਆਂ ਦੇ ਨਾਲ ਕੀਤੀ ਮੀਟਿੰਗ | 40-41

**ਖੇਡ ਕ੍ਰਾਂਤੀ ਦਾ ਮਜ਼ਬੂਤ ਰੋਡਮੈਪ**
ਫਲੈਗਸ਼ਿਪ ਯੋਜਨਾ 'ਖੇਲੋ ਇੰਡੀਆ' ਦਾ ਇੱਕ ਦਹਾਕਾ | 42-45

**ਵਿਸ਼ਵ ਵਿਰਾਸਤ ਵਿੱਚ ਸ਼ਾਮਲ ਦੇਸ਼ ਦਾ ਸਾਰ**
ਵਿਸ਼ਵ ਵਿਰਾਸਤ ਦਿਵਸ 'ਤੇ ਵਿਸ਼ੇਸ਼ ਸਮੱਗਰੀ | 46-47

**ਪੂਰੀ ਮਨੁੱਖਤਾ ਨੂੰ ਮਿਲੇਗਾ ਭਾਰਤ ਦੀ ਏਆਈ-ਸੈਮੀਕੰਡਕਟਰ ਦਾ ਲਾਭ**
ਪ੍ਰਧਾਨ ਮੰਤਰੀ ਮੋਦੀ ਦਾ ਗੁਜਰਾਤ ਦੌਰਾ, 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਤੋਹਫ਼ੇ | 48-50



**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਪ੍ਰਿੰਟਿੰਗ:** ਚੰਦੂ ਪ੍ਰੈੱਸ 469, ਪਟਪੜਗੰਜ ਇੰਡਸਟ੍ਰੀਅਲ ਅਸਟੇਟ, ਦਿੱਲੀ-110092
**ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ:** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001
**ਈ-ਮੇਲ**–responsenis@pib.gov.inਆਰ.ਐੱਨ.ਆਈ. ਨੰਬਰ DELPUN/2020/78808

# ਸੰਪਾਦਕ ਦੀ ਕਲਮ ਤੋਂ...

## ਭਾਰਤ ਤੋਂ ਲਾਲ ਅੱਤਵਾਦ ਦਾ ਖਾਤਮਾ

## ਕਬਾਇਲੀ ਖੇਤਰਾਂ ਵਿੱਚ ਹੁਣ ਹੋਵੇਗਾ ਨਿਰਵਿਘਨ ਵਿਕਾਸ

**ਸਾਦਰ ਨਮਸਕਾਰ,**

ਲਾਲ ਅੱਤਵਾਦ ਦੇ ਸ਼ਿਕੰਜੇ ਤੋਂ ਦੇਸ਼ ਨੂੰ ਮੁਕਤ ਕਰਨ ਦੀ ਜੋ ਮੁਹਿੰਮ ਭਾਰਤ ਸਰਕਾਰ ਨੇ ਛੇੜੀ ਸੀ, ਅੱਜ ਉਸ ਵਿੱਚ ਸਾਨੂੰ ਸਫ਼ਲਤਾ ਮਿਲੀ ਹੈ। ਬਾਰ੍ਹਾਂ ਰਾਜਾਂ ਵਿੱਚ ਫੈਲੇ ਰੈੱਡ ਕੌਰੀਡੋਰ ਵਿੱਚ ਵਰ੍ਹਿਆਂ ਤੋਂ ਇੱਕ ਸਮਾਨਾਂਤਰ ਪ੍ਰਣਾਲੀ ਹਿੰਸਾ ਦਾ ਸਹਾਰਾ ਲੈ ਕੇ ਵਿਕਾਸ ਵਿੱਚ ਰੁਕਾਵਟ ਪਾ ਰਹੀ ਸੀ ਅਤੇ ਖੇਤਰ ਦੇ ਨੌਜਵਾਨਾਂ ਨੂੰ ਗੁੰਮਰਾਹ ਕਰ ਰਹੀ ਸੀ। ਅੱਜ ਕੇਂਦਰ ਸਰਕਾਰ ਦੀ ਸਪਸ਼ਟ ਰਣਨੀਤੀ ਅਤੇ ਟਿਕਾਊ ਯਤਨਾਂ ਨਾਲ ਇਨ੍ਹਾਂ ਖੇਤਰਾਂ ਵਿੱਚ ਇੱਕ ਨਵੇਂ ਯੁੱਗ ਦਾ ਨਿਰਮਾਣ ਹੋ ਰਿਹਾ ਹੈ। ਇੱਕ ਅਜਿਹਾ ਯੁੱਗ ਜੋ ਵਿਕਸਿਤ ਅਤੇ ਆਤਮ-ਨਿਰਭਰ ਭਾਰਤ ਦੀ ਇੱਛਾ ਨਾਲ ਜੁੜਿਆ ਹੋਇਆ ਹੈ।

ਨਕਸਲਵਾਦ ਨਾਲ ਨਜਿੱਠਣ ਦੇ ਲਈ ਸੰਵਾਦ, ਸੁਰੱਖਿਆ ਅਤੇ ਤਾਲਮੇਲ ਦੀ ਤਿੰਨ-ਪੱਧਰੀ ਰਣਨੀਤੀ ਅਪਣਾਈ ਗਈ, ਜਿਸ ਦੇ ਨਤੀਜੇ ਵਜੋਂ ਵਰ੍ਹੇ 2024 ਤੋਂ ਮਾਰਚ 2026 ਤੱਕ 706 ਨਕਸਲੀ ਮਾਰੇ ਗਏ, 2,218 ਗ੍ਰਿਫਤਾਰ ਹੋਏ ਅਤੇ 4,839 ਨੇ ਆਤਮ -ਸਮਰਪਣ ਕੀਤਾ। ਨਾਲ ਹੀ,ਉੱਚ ਪੱਧਰ ਦੀਆਂ ਸਾਰੀਆਂ ਕੇਂਦਰੀ ਕਮੇਟੀਆਂ ਅਤੇ ਪੋਲਿਟ ਬਿਊਰੋ ਦੇ ਮੈਂਬਰ ਵੀ ਖ਼ਤਮ ਹੋ ਚੁੱਕੇ ਹਨ। ਜਿੱਥੇ ਇੱਕ ਪਾਸੇ ਸਖ਼ਤ ਕਾਰਵਾਈ ਨਾਲ ਹਿੰਸਾ 'ਤੇ ਕਾਬੂ ਪਾਇਆ ਗਿਆ, ਉੱਥੇ ਦੂਜੇ ਪਾਸੇ ਸੜਕਾਂ, ਦੂਰਸੰਚਾਰ, ਸਿੱਖਿਆ, ਹੁਨਰ ਵਿਕਾਸ ਅਤੇ ਵਿੱਤੀ ਸਮਾਵੇਸ਼ ਵਰਗੀਆਂ ਪਹਿਲਕਦਮੀਆਂ ਨਾਲ ਵਿਕਾਸ ਨੂੰ ਨਵੀਂ ਗਤੀ ਮਿਲੀ ਹੈ। ਅੱਜ ਉਹ ਖੇਤਰ, ਜੋ ਕਦੇ ਡਰ ਅਤੇ ਅਸੁਰੱਖਿਆ ਦੇ ਪ੍ਰਤੀਕ ਸਨ, ਉੱਥੇ ਸਥਿਰਤਾ, ਵਿਸ਼ਵਾਸ ਅਤੇ ਨਵੀਆਂ ਸੰਭਾਵਨਾਵਾਂ ਦੇ ਦੁਆਰ ਖੁੱਲ੍ਹ ਚੁੱਕੇ ਹਨ। ਛੱਤੀਸਗੜ੍ਹ ਦਾ ਬਸਤਰ ਇਸ ਦੀ ਇੱਕ ਸਸ਼ਕਤ ਉਦਾਹਰਣ ਬਣ ਕੇ ਉਭਰਿਆ ਹੈ, ਜਿੱਥੇ ਹੁਣ ਹਰ ਪਿੰਡ ਤੱਕ ਸਕੂਲ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਪਹੁੰਚਾਉਣ ਦੀ ਮੁਹਿੰਮ ਚੱਲ ਰਹੀ ਹੈ। 'ਬਸਤਰ ਓਲੰਪਿਕ' ਅਤੇ ਪੰਡੁਮ ਆਯੋਜਨ ਸਮਾਜਿਕ ਪੁਨਰ-ਨਿਰਮਾਣ ਅਤੇ ਆਤਮ-ਵਿਸ਼ਵਾਸ ਦੇ ਪ੍ਰਤੀਕ ਬਣ ਚੁੱਕੇ ਹਨ। ਇਹ ਤਬਦੀਲੀ ਸਿਰਫ਼ ਇੱਕ ਖੇਤਰ ਤੱਕ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਸਾਰੇ ਖੇਤਰਾਂ ਵਿੱਚ ਸਪਸ਼ਟ ਦਿਖਾਈ ਦੇ ਰਹੀ ਹੈ ,ਜੋ ਕਦੇ ਲਾਲ ਅੱਤਵਾਦ ਤੋਂ ਪ੍ਰਭਾਵਿਤ ਸਨ। ਇਹ ਪਰਿਵਰਤਨ 'ਵਿਕਸਿਤ ਭਾਰਤ 2047' ਦੀ ਦਿਸ਼ਾ ਵਿੱਚ ਇੱਕ ਸਸ਼ਕਤ ਅਧਾਰ ਤਿਆਰ ਕਰਦਾ ਹੈ, ਜਿੱਥੇ ਹਰ ਖੇਤਰ ਅਤੇ ਹਰ ਨਾਗਰਿਕ ਬਰਾਬਰ ਮੌਕਿਆਂ ਨਾਲ ਅੱਗੇ ਵਧ ਸਕੇ। ਨਕਸਲ ਮੁਕਤ ਭਾਰਤ ਦਾ ਸਾਕਾਰ ਹੋਇਆ ਸੁਪਨਾ ਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ 'ਸ਼ਖਸੀਅਤ' ਦੀ ਕੜੀ ਵਿੱਚ ਦਾਦਾ ਸਾਹੇਬ ਫਾਲਕੇ, ਕੇਂਦਰੀ ਕੈਬਨਿਟ ਦੇ ਫੈਸਲੇ, ਵਿਸ਼ਵ ਵਿਰਾਸਤ ਦਿਵਸ, ਫਲੈਗਸ਼ਿਪ ਵਿੱਚ 'ਖੇਲੋ ਇੰਡੀਆ' ਯੋਜਨਾ ਦਾ ਇੱਕ ਦਹਾਕਾ, 21 ਅਪ੍ਰੈਲ ਨੂੰ 18ਵੇਂ ਸਿਵਿਲ ਸੇਵਾ ਦਿਵਸ, ਅਕਸ਼ੈ ਪਾਤਰ ਦੇ 5 ਅਰਬਵੇਂ ਭੋਜਨ ਵੰਡ ਪ੍ਰੋਗਰਾਮ ਵਿੱਚ ਰਾਸ਼ਟਰਪਤੀ, ਅਤੇ ਪੱਛਮੀ ਏਸ਼ੀਆ ਵਿੱਚ ਜੰਗ ਦੀ ਸਥਿਤੀ 'ਤੇ ਸੰਸਦ ਵਿੱਚ ਸੰਬੋਧਨ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪੰਦਰਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 'ਮਨ ਕੀ ਬਾਤ' ਅਤੇ ਬੈਕ ਕਵਰ 'ਤੇ 22 ਅਪ੍ਰੈਲ ਨੂੰ ਮਨਾਏ ਜਾਣ ਵਾਲੇ ਵਿਸ਼ਵ ਧਰਤੀ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

**ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।**
https://newindiasamachar.pib.gov.in/news.aspx

# ਆਪਕੀ ਬਾਤ




## ਸਰਕਾਰੀ ਯੋਜਨਾਵਾਂ ਅਤੇ ਪਹਿਲਕਦਮੀਆਂ ਨਾਲ ਸਬੰਧਿਤ ਸਮੱਗਰੀ ਬਹੁਤ ਹੀ ਮਹੱਤਵਪੂਰਨ

ਮੈਂ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਮੈਨੂੰ ਇਸ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਵੱਖ-ਵੱਖ ਸਰਕਾਰੀ ਯੋਜਨਾਵਾਂ ਅਤੇ ਪਹਿਲਕਦਮੀਆਂ ਨਾਲ ਸਬੰਧਿਤ ਸਮੱਗਰੀ ਬਹੁਤ ਹੀ ਤੱਥਾਂ 'ਤੇ ਅਧਾਰਿਤ ਅਤੇ ਮਹੱਤਵਪੂਰਨ ਲਗਦੀ ਹੈ। ਇਹ ਪੱਤ੍ਰਿਕਾ ਵਿਦਿਆਰਥੀਆਂ ਲਈ ਬਹੁਤ ਉਪਯੋਗੀ ਹੈ ਅਤੇ ਇਸ ਵਿੱਚ ਪ੍ਰਕਾਸ਼ਿਤ ਲੇਖ ਸਰਲ ਭਾਸ਼ਾ ਵਿੱਚ ਹੁੰਦੇ ਹਨ।
(m.prashus91@gmail.com)

## ਵਿਕਾਸ ਕਾਰਜਾਂ ਅਤੇ ਯੋਜਨਾਵਾਂ ਤੋਂ ਜਾਣੂ ਹੋ ਰਹੇ ਹਨ ਨਾਗਰਿਕ

'ਨਿਊ ਇੰਡੀਆ ਸਮਾਚਾਰ' ਪੰਦਰਵਾੜਾ ਪੱਤ੍ਰਿਕਾ ਬਹੁਤ ਵਧੀਆ ਅਤੇ ਕੰਮ ਦੀ ਜਾਣਕਾਰੀ ਦੇਣ ਵਾਲੀ ਹੈ। ਸਾਡੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮੈਂ ਇਸ ਪੱਤ੍ਰਿਕਾ ਦੀ ਸ਼ਲਾਘਾ ਕਰਦਾ ਹਾਂ। ਇਸ ਨਾਲ ਨਾਗਰਿਕ ਦੇਸ਼ ਵਿੱਚ ਹੋ ਰਹੇ ਵਿਕਾਸ ਕਾਰਜਾਂ ਅਤੇ ਯੋਜਨਾਵਾਂ ਤੋਂ ਜਾਣੂ ਹੋ ਰਹੇ ਹਨ। ਜੇਕਰ ਕੋਈ ਪਹਿਲੀ ਵਾਰ ਵੀ ਮੁਸ਼ਕਲ ਮੁੱਦਿਆਂ ਨੂੰ ਪੜ੍ਹਦਾ ਹੈ, ਤਾਂ ਉਹ ਆਸਾਨੀ ਨਾਲ ਸਮਝ ਜਾਂਦਾ ਹੈ।
(bharath417c@gmail.com)

## ਸਮੁੰਦਰੀ ਭਾਰਤ ਵਿਜ਼ਨ 2030 ਦਾ ਪ੍ਰਮੁੱਖ ਥੰਮ੍ਹ 'ਸਾਗਰਮਾਲਾ' ਪ੍ਰੋਗਰਾਮ

ਮੈਂ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਵਿੱਚ ਸਾਗਰਮਾਲਾ ਪ੍ਰੋਗਰਾਮ 'ਤੇ ਸਟੋਰੀ ਪੜ੍ਹੀ। ਭਾਰਤ ਦਾ 95% ਵਪਾਰ ਸਮੁੰਦਰੀ ਮਾਰਗਾਂ ਰਾਹੀਂ ਹੁੰਦਾ ਹੈ। ਸਾਗਰਮਾਲਾ ਪ੍ਰੋਗਰਾਮ ਨੇ 11 ਵਰ੍ਹਿਆਂ ਵਿੱਚ 280 ਪ੍ਰੋਜੈਕਟਸ ਪੂਰੇ ਕਰਕੇ ਬੰਦਰਗਾਹਾਂ ਅਤੇ ਕਨੈਕਟੀਵਿਟੀ ਨੂੰ ਨਵੀਂ ਸ਼ਕਤੀ ਦਿੱਤੀ ਹੈ। 'ਸਮੁੰਦਰੀ ਭਾਰਤ ਵਿਜ਼ਨ 2030' ਅਤੇ 'ਅੰਮ੍ਰਿਤਕਾਲ ਵਿਜ਼ਨ 2047' ਇਸੇ ਸ਼ਕਤੀ ਨੂੰ ਹੋਰ ਮਜ਼ਬੂਤ ਕਰਨਗੇ।

ਸੰਜੀਵ ਸੇਨਾ

## ਹਰ ਅੰਕ ਤੋਂ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ

'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਵਿੱਚ ਮੇਰੀ ਡੂੰਘੀ ਦਿਲਚਸਪੀ ਹੈ। ਇਸ ਪੱਤ੍ਰਿਕਾ ਦੇ ਮਾਧਿਅਮ ਨਾਲ ਮੈਂ ਦੇਸ਼-ਵਿਦੇਸ਼ ਵਿੱਚ ਹੋਣ ਵਾਲੀਆਂ ਸਾਰੀਆਂ ਘਟਨਾਵਾਂ ਤੋਂ ਜਾਣੂ ਹੁੰਦਾ ਹਾਂ। ਹਰ ਅੰਕ ਤੋਂ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ। ਇਸ ਵਿੱਚ ਪੂਰੇ ਦੇਸ਼ ਦੀਆਂ ਸਰਕਾਰੀ ਨੀਤੀਆਂ ਅਤੇ ਵਿਕਾਸਾਤਮਕ ਗਤੀਵਿਧੀਆਂ ਦੀ ਜਾਣਕਾਰੀ ਪੜ੍ਹਨ ਨੂੰ ਮਿਲਦੀ ਹੈ।
(shaheedkharachiagp@gmail.com)

## ਪੱਤ੍ਰਿਕਾ ਅੰਕੜੇ ਅਤੇ ਤੱਥਾਂ ਭਰਪੂਰ ਜਾਣਕਾਰੀ ਕਰਦੀ ਹੈ ਪ੍ਰਦਾਨ

ਸਭ ਤੋਂ ਪਹਿਲਾਂ ਮੈਂ ਤੁਹਾਨੂੰ ਅਤੇ ਤੁਹਾਡੀ ਪੂਰੀ ਟੀਮ ਨੂੰ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦੀ ਸਫ਼ਲਤਾ ਲਈ ਵਧਾਈ ਦਿੰਦਾ ਹਾਂ। ਇਸ ਪੱਤ੍ਰਿਕਾ ਦੇ ਅੰਕੜੇ ਅਤੇ ਤੱਥ ਬਿਲਕੁਲ ਸਹੀ ਜਾਣਕਾਰੀ ਪ੍ਰਦਾਨ ਕਰਦੇ ਹਨ। ਪੱਤ੍ਰਿਕਾ ਦਾ ਸਭ ਤੋਂ ਵਧੀਆ ਹਿੱਸਾ 'ਸ਼ਖਸੀਅਤ ਲੜੀ' ਲਗਦਾ ਹੈ।
ਲੋਕਾਂ ਅਤੇ ਯੂਪੀਐੱਸਸੀ UPSC ਪ੍ਰੀਖਿਆਰਥੀਆਂ ਨੂੰ ਇਸ ਅਦਭੁਤ ਅਤੇ ਜਾਣਕਾਰੀ ਭਰਪੂਰ ਪੱਤ੍ਰਿਕਾ ਨੂੰ ਪੜ੍ਹਨ ਨਾਲ ਬਹੁਤ ਲਾਭ ਮਿਲ ਸਕਦਾ ਹੈ।
(achintasuri1996@gmail.com)

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003
ਈਮੇਲ: response-nis@pib.gov.in



## ......ਤਾਂ ਜੋ ਗਰਮੀ ਵਿੱਚ ਨਾ ਹੋਵੇ ਬਿਜਲੀ ਦੀ ਕਿੱਲਤ

ਦੇਸ਼ ਵਿੱਚ ਬਿਜਲੀ ਦੀ ਲੋੜੀਂਦੀ ਉਪਲਬਧਤਾ ਹੈ। ਫਰਵਰੀ 2026 ਤੱਕ, ਦੇਸ਼ ਦੀ ਸਥਾਪਿਤ ਉਤਪਾਦਨ ਸਮਰੱਥਾ 524 ਗੀਗਾਵਾਟ ਹੈ। ਭਾਰਤ ਨੇ ਅਪ੍ਰੈਲ 2014 ਤੋਂ ਹੁਣ ਤੱਕ 299.87 ਗੀਗਾਵਾਟ ਦੀ ਨਵੀਂ ਉਤਪਾਦਨ ਸਮਰੱਥਾ ਜੋੜ ਕੇ ਬਿਜਲੀ ਦੀ ਕਮੀ ਦੀ ਗੰਭੀਰ ਸਮੱਸਿਆ ਨੂੰ ਹੱਲ ਕਰ ਲਿਆ ਹੈ। ਇਸ ਨਾਲ ਹੁਣ ਭਾਰਤ ਬਿਜਲੀ ਦੀ ਕਮੀ ਵਾਲੇ ਦੇਸ਼ ਦੀ ਜਗ੍ਹਾ ਵਾਧੂ ਬਿਜਲੀ ਵਾਲਾ ਦੇਸ਼ ਬਣ ਗਿਆ ਹੈ। ਮੱਧ-ਪੂਰਬ ਸੰਕਟ ਦੇ ਬਾਵਜੂਦ ਅਪ੍ਰੈਲ ਤੋਂ ਜੂਨ 2026 ਦੀਆਂ ਗਰਮੀਆਂ ਵਿੱਚ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਦੇ ਲਈ ਵਿਕਲਪਿਕ ਸਰੋਤਾਂ ਤੋਂ ਬਿਜਲੀ ਉਤਪਾਦਨ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਕੁਝ ਨਵੇਂ ਪਾਵਰ ਪਲਾਂਟਾਂ ਦੀ ਸ਼ੁਰੂਆਤ ਤੋਂ ਲੈ ਕੇ ਨਿਰਮਾਣ ਅਧੀਨ ਪਾਵਰ ਪਲਾਂਟਾਂ(ਥਰਮਲ ਅਤੇ ਹਾਈਡ੍ਰੋ) ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ, ਜਿਨ੍ਹਾਂ ਨੂੰ ਤੈਅ ਸਮੇਂ ਸੀਮਾ ਵਿੱਚ ਪੂਰਾ ਕਰ ਲਿਆ ਜਾਵੇਗਾ। ਬਿਜਲੀ ਉਤਪਾਦਕ ਕੰਪਨੀਆਂ ਨੂੰ ਰੋਜ਼ਾਨਾ ਦੇ ਅਧਾਰ 'ਤੇ ਪੂਰੀ ਉਪਲਬਧਤਾ ਅਤੇ ਉਤਪਾਦਨ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।



## ਲਗਾਤਾਰ ਦੂਜੇ ਸਾਲ 1 ਅਰਬ ਟਨ ਕੋਲਾ ਉਤਪਾਦਨ ਦੀ ਉਪਲਬਧੀ ਹਾਸਲ

ਕੋਲਾ ਖੇਤਰ ਵਿੱਚ ਲਗਾਤਾਰ ਅਤੇ ਤਾਲਮੇਲ ਵਾਲੇ ਯਤਨਾਂ ਸਦਕਾ, ਦੇਸ਼ ਨੇ ਲਗਾਤਾਰ ਦੂਜੇ ਸਾਲ 20 ਮਾਰਚ ਨੂੰ 1 ਅਰਬ ਟਨ ਕੋਲੇ ਦੇ ਉਤਪਾਦਨ ਦੀ ਉਪਲਬਧੀ ਪ੍ਰਾਪਤ ਕੀਤੀ ਹੈ। ਇਹ ਮਹੱਤਵਪੂਰਨ ਉਪਲਬਧੀ ਊਰਜਾ ਖੇਤਰ ਵਿੱਚ ਭਾਰਤ ਦੀ ਵਧ ਰਹੀ ਆਤਮ-ਨਿਰਭਰਤਾ ਅਤੇ ਪ੍ਰਮੁੱਖ ਉਦਯੋਗਾਂ ਨੂੰ ਨਿਰਵਿਘਨ ਈਂਧਣ ਦੀ ਸਪਲਾਈ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਜ਼ਬੂਤ ਕਦਮ ਹੈ। ਕੋਲੇ ਦੇ ਉਤਪਾਦਨ ਵਿੱਚ ਲਗਾਤਾਰ ਵਾਧੇ ਨੇ ਦੇਸ਼ ਦੀਆਂ ਵਧਦੀਆਂ ਊਰਜਾ ਮੰਗਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਵਿੱਚ ਸਮਰੱਥ ਬਣਾਇਆ ਹੈ। ਨਾਲ ਹੀ ਬਿਜਲੀ ਖੇਤਰ ਨੂੰ ਕੋਲਾ ਅਧਾਰਿਤ ਥਰਮਲ ਪਾਵਰ ਪਲਾਂਟਾਂ ਵਿੱਚ ਕੋਲੇ ਦਾ ਰਿਕਾਰਡ ਸਟਾਕ ਬਣਾਈ ਰੱਖਣ ਵਿੱਚ ਸਹਾਇਤਾ ਪ੍ਰਦਾਨ ਕੀਤੀ ਹੈ। ਇਹ ਉਪਬਲਧੀ ਮਜ਼ਬੂਤ ਯੋਜਨਾਬੰਦੀ , ਕੁਸ਼ਲ ਲਾਗੂਕਰਨ ਅਤੇ ਕੋਲਾ ਵੈਲਿਊ ਚੇਨ ਵਿੱਚ ਮਜ਼ਬੂਤ ਤਾਲਮੇਲ ਦੀ ਵਜ੍ਹਾ ਨਾਲ ਸੰਭਵ ਹੋ ਸਕੀ ਹੈ।



## ਗੁਜਰਾਤ ਦੇ ਕੱਛ ਵਿੱਚ ਪੈਦਾ ਹੋਇਆ 'ਗ੍ਰੇਟ ਇੰਡੀਅਨ ਬਸਟਰਡ' ਦਾ ਚੂਚਾ



ਜੰਗਲੀ ਜੀਵ ਸੁਰੱਖਿਆ ਦੇ ਖੇਤਰ ਵਿੱਚ ਦੇਸ਼ ਵਿੱਚ ਇੱਕ ਵੱਡੀ ਸਫ਼ਲਤਾ ਸਾਹਮਣੇ ਆਈ ਹੈ। ਗ੍ਰੇਟ ਇੰਡੀਅਨ ਬਸਟਰਡ (ਜੀਆਈਬੀ) ਦਾ ਇੱਕ ਚੂਚਾ ਗੁਜਰਾਤ ਦੇ ਕੱਛ ਵਿੱਚ ਲਗਭਗ ਇੱਕ ਦਹਾਕੇ ਬਾਅਦ ਪੈਦਾ ਹੋਇਆ ਹੈ। ਇਹ ਉਪਲਬਧੀ 'ਜੰਪਸਟਾਰਟ ਅਪ੍ਰੋਚ' ਨਾਮਕ ਇੱਕ ਨਵੇਂ ਸੁਰੱਖਿਆ ਉਪਾਅ ਦੇ ਮਾਧਿਅਮ ਨਾਲ ਸੰਭਵ ਹੋ ਸਕੀ ਹੈ ਕਿਉਂਕਿ ਗੁਜਰਾਤ ਦੇ ਕੱਛ ਦੇ ਘਾਹ ਦੇ ਮੈਦਾਨ ਵਿੱਚ ਸਿਰਫ਼ ਤਿੰਨ ਮਾਦਾ ਜੀਆਈਬੀ ਬਚੀਆਂ ਹਨ ਅਤੇ ਉੱਥੇ ਕੋਈ ਨਰ ਪੰਛੀ ਨਹੀਂ ਬਚਿਆ ਹੈ। ਇਸ ਪਹਿਲ ਦੇ ਲਈ ਰਾਜਸਥਾਨ ਦੇ ਪ੍ਰਜਨਨ ਕੇਂਦਰ ਤੋਂ ਇੱਕ ਅੰਡਾ 770 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਗੁਜਰਾਤ ਦੇ ਆਲ੍ਹਣੇ ਤੱਕ ਪਹੁੰਚਾਇਆ ਗਿਆ। ਦੇਸ਼ ਵਿੱਚ ਜੀਆਈਬੀ ਜੰਪਸਟਾਰਟ ਅਪ੍ਰੋਚ ਦੀ ਇਹ ਪਹਿਲੀ ਅੰਤਰ-ਰਾਜੀ ਪਹਿਲ ਹੈ ਜਿਸ ਨੂੰ ਗੁਜਰਾਤ ਵਿੱਚ ਸਫ਼ਲਤਾਪੂਰਵਕ ਪੂਰਾ ਕੀਤਾ ਗਿਆ ਹੈ। ਪ੍ਰੋਜੈਕਟ ਜੀਆਈਬੀ ਦੀ ਕਲਪਨਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰ੍ਹੇ 2011 ਵਿੱਚ ਗੁਜਰਾਤ ਸਮੇਤ ਇਸ ਦੇ ਕੁਦਰਤੀ ਆਵਾਸਾਂ ਵਿੱਚ ਗ੍ਰੇਟ ਇੰਡੀਅਨ ਬਸਟਰਡ ਦੀ ਸੁਰੱਖਿਆ ਲਈ ਕੀਤੀ ਗਈ ਸੀ। ਰਸਮੀ ਤੌਰ 'ਤੇ ਇਸ ਨੂੰ ਵਰ੍ਹੇ 2016 ਵਿੱਚ ਲਾਂਚ ਕੀਤਾ ਗਿਆ ਸੀ।

# ਰੇਲਵੇ ਕਨਫਰਮ ਟਿਕਟ ਕੈਂਸਲੇਸ਼ਨ ਨਿਯਮਾਂ ਵਿੱਚ ਬਦਲਾਅ

ਭਾਰਤੀ ਰੇਲਵੇ ਨੇ ਕਨਫਰਮ ਟਿਕਟ ਕੈਂਸਲੇਸ਼ਨ ਨਿਯਮਾਂ ਵਿੱਚ ਕਈ ਅਹਿਮ ਬਦਲਾਅ ਕੀਤੇ ਹਨ। ਟ੍ਰੇਨ ਚਲਣ ਤੋਂ 48, 12 ਅਤੇ 4 ਘੰਟੇ ਪਹਿਲਾਂ ਟਿਕਟ ਰੱਦ ਕਰਨ ਦੀ ਪੁਰਾਣੀ ਸਮਾਂ-ਸੀਮਾ ਨੂੰ ਬਦਲ ਕੇ ਹੁਣ 72, 24 ਅਤੇ 8 ਘੰਟੇ ਕਰ ਦਿੱਤਾ ਗਿਆ ਹੈ। ਇਹ ਬਦਲਾਅ ਰਿਜ਼ਰਵੇਸ਼ਨ ਚਾਰਟ ਤਿਆਰ ਕਰਨ ਦੀ ਪ੍ਰਕਿਰਿਆ ਦੇ ਅਨੁਸਾਰ ਕੀਤਾ ਗਿਆ ਹੈ, ਜੋ ਹੁਣ ਟ੍ਰੇਨ ਚਲਣ ਤੋਂ 9 ਤੋਂ 18 ਘੰਟੇ ਪਹਿਲਾਂ ਤਿਆਰ ਕੀਤਾ ਜਾਂਦਾ ਹੈ। ਰੇਲਵੇ ਦੇ ਇਸ ਨਵੇਂ ਨਿਯਮ ਨਾਲ ਉਡੀਕ ਸੂਚੀ ਵਾਲੇ ਯਾਤਰੀਆਂ ਨੂੰ ਸਿੱਧਾ ਲਾਭ ਮਿਲੇਗਾ। ਜੇਕਰ ਕੋਈ ਵਿਅਕਤੀ ਕਨਫਰਮ ਟਿਕਟ 24-72 ਘੰਟੇ ਪਹਿਲਾਂ ਕੈਂਸਲ ਕਰਦਾ ਜਾਂ ਕਰਵਾਉਂਦਾ ਹੈ ਤਾਂ 25% ਕਿਰਾਇਆ ਕੱਟਿਆ ਜਾਵੇਗਾ। 8-24 ਘੰਟੇ ਦੇ ਦਰਮਿਆਨ ਕੈਂਸਲ ਕਰਵਾਉਂਦਾ ਹੈ ਤਾਂ 50% ਕਟੌਤੀ ਅਤੇ 8 ਘੰਟੇ ਤੋਂ ਘੱਟ ਸਮਾਂ 'ਤੇ ਕੋਈ ਰਿਫੰਡ ਨਹੀਂ ਮਿਲੇਗਾ।

ਰੇਲਵੇ ਦੇ ਨਵੇਂ ਪ੍ਰਾਵਧਾਨ ਦੇ ਤਹਿਤ, ਹੁਣ ਯਾਤਰੀ ਟ੍ਰੇਨ ਚਲਣ ਤੋਂ 30 ਮਿੰਟ ਪਹਿਲਾਂ ਤੱਕ ਆਪਣੀ ਯਾਤਰਾ ਦੀ ਸ਼੍ਰੇਣੀ ਨੂੰ ਅੱਪਗ੍ਰੇਡ ਕਰ ਸਕਣਗੇ, ਜਦੋਂ ਕਿ ਪਹਿਲਾਂ ਇਹ ਬਦਲਾਅ ਸਿਰਫ਼ ਚਾਰਟ ਤਿਆਰ ਹੋਣ ਤੋਂ ਪਹਿਲਾਂ ਤੱਕ ਹੀ ਸੰਭਵ ਸੀ। ਰੇਲਵੇ, ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਕਿਹਾ ਹੈ ਕਿ ਇਨ੍ਹਾਂ ਬਦਲਾਵਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਟਿਕਟਾਂ ਸਿਰਫ਼ ਅਸਲੀ ਯਾਤਰੀਆਂ ਨੂੰ ਹੀ ਮਿਲਣ। ਇਸ ਦੇ ਲਈ ਲਗਭਗ 3 ਕਰੋੜ ਸ਼ੱਕੀ ਖਾਤੇ ਵੀ ਬੰਦ ਕੀਤੇ ਗਏ ਹਨ। ਰੇਲਵੇ ਮੰਤਰੀ ਨੇ ਇਹ ਵੀ ਕਿਹਾ ਹੈ ਕਿ ਹੁਣ ਦੇਸ਼ ਦੇ ਕਿਸੇ ਵੀ ਰੇਲਵੇ ਸਟੇਸ਼ਨ ਤੋਂ ਕਾਊਂਟਰ ਟਿਕਟ ਰੱਦ ਕੀਤੇ ਜਾ ਸਕਣਗੇ।



# ਆਦਿਵਾਸੀਆਂ ਦੁਆਰਾ ਤਿਆਰ ਉਤਪਾਦਾਂ ਨੂੰ ਈ-ਕਾਮਰਸ ਰਾਹੀਂ ਉਤਸ਼ਾਹ




ਆਦਿਵਾਸੀ ਕਾਰੀਗਰਾਂ ਨੂੰ ਮਜ਼ਬੂਤ ਬਣਾਉਣ ਅਤੇ ਸਵਦੇਸ਼ੀ ਉਤਪਾਦਾਂ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਡਾਕ ਵਿਭਾਗ ਨੇ ਕਬਾਇਲੀ ਮਾਮਲੇ ਮੰਤਰਾਲੇ ਦੇ ਅਧੀਨ 'ਟ੍ਰਾਈਬਲ ਕੋ-ਆਪ੍ਰੇਟਿਵ ਮਾਰਕੀਟਿੰਗ ਡਿਵੈਲਪਮੈਂਟ ਫੈਡਰੇਸ਼ਨ ਆਫ ਇੰਡੀਆ' (TRIFED) ਦੇ ਨਾਲ ਇੱਕ ਸਮਝੌਤਾ ਕੀਤਾ ਹੈ। ਸਮਝੌਤੇ ਦੇ ਤਹਿਤ ਡਾਕ ਵਿਭਾਗ ਟ੍ਰਾਈਫੈਡ ਦੇ ਔਨਲਾਈਨ ਚੈਨਲਾਂ ਰਾਹੀਂ ਰੱਖੇ ਗਏ ਸਾਰੇ ਈ-ਕਾਮਰਸ ਆਰਡਰਾਂ ਦੇ ਲਈ 'ਐਂਡ-ਟੂ-ਐਂਡ ਲੌਜਿਸਟਿਕਸ' ਸਮਾਧਾਨ ਪ੍ਰਦਾਨ ਕਰੇਗਾ। ਇਸ ਨਾਲ ਆਦਿਵਾਸੀ ਕਾਰੀਗਰਾਂ ਅਤੇ ਉੱਦਮੀਆਂ ਦੇ ਲਈ ਬਜ਼ਾਰ ਪਹੁੰਚ ਨੂੰ ਮਜ਼ਬੂਤੀ ਮਿਲੇਗੀ। ਇਹ ਸਾਂਝੇਦਾਰੀ ਆਦਿਵਾਸੀ ਆਜੀਵਿਕਾ ਅਤੇ ਡਿਜੀਟਲ ਅਰਥਵਿਵਸਥਾ ਨੂੰ ਉਤਸ਼ਾਹਿਤ ਕਰੇਗੀ। ਨਾਲ ਹੀ, ਇਸ ਨਾਲ ਕਬਾਇਲੀ ਭਾਈਚਾਰੇ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

# 50 ਮਿਲੀਅਨ ਟਨ ਆਇਰਨ ਔਰ ਉਤਪਾਦਨ ਕਰਕੇ ਰਚਿਆ ਇਤਿਹਾਸ

ਭਾਰਤ ਦੀ ਸਭ ਤੋਂ ਵੱਡੀ ਆਇਰਨ ਔਰ ਉਤਪਾਦਕ ਅਤੇ ਨਵਰਤਨ ਸੀਪੀਐੱਸਈ (CPSE), ਐੱਨਐੱਮਡੀਸੀ (NMDC) ਲਿਮਿਟੇਡ ਨੇ ਇੱਕ ਵਿੱਤੀ ਵਰ੍ਹੇ ਵਿੱਚ 50 ਮਿਲੀਅਨ ਟਨ ਆਇਰਨ ਔਰ ਦਾ ਉਤਪਾਦਨ ਕਰਨ ਵਾਲੀ ਦੇਸ਼ ਦੀ ਪਹਿਲੀ ਮਾਈਨਿੰਗ ਕੰਪਨੀ ਬਣਨ ਦਾ ਇਤਿਹਾਸ ਰਚ ਦਿੱਤਾ ਹੈ। ਵਰ੍ਹੇ 2015 ਤੋਂ ਬਾਅਦ ਉਤਪਾਦਨ ਵਿੱਚ ਲਗਭਗ ਦੋ-ਤਿਹਾਈ ਦਾ ਵਾਧਾ ਹੋਇਆ ਹੈ, ਜੋ 30 ਮਿਲੀਅਨ ਟਨ ਤੋਂ ਵਧ ਕੇ 50 ਮਿਲੀਅਨ ਟਨ ਹੋ ਗਿਆ ਹੈ। ਇਸ ਵਿੱਚ ਪਿਛਲੇ ਚਾਰ ਵਰ੍ਹਿਆਂ ਵਿੱਚ ਹੀ ਮੌਜੂਦਾ ਸਮਰੱਥਾ ਦਾ ਲਗਭਗ ਪੰਜਵਾਂ ਹਿੱਸਾ ਜੋੜਿਆ ਗਿਆ ਹੈ। ਭਾਰਤ 2030 ਤੱਕ ਸਟੀਲ ਨਿਰਮਾਣ ਸਮਰੱਥਾ ਨੂੰ 300 ਮਿਲੀਅਨ ਟਨ ਤੱਕ ਵਧਾਉਣ ਦੇ ਆਪਣੇ ਟੀਚੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ।





# ਦਾਦਾ ਸਾਹੇਬ ਫਾਲਕੇ...

## ਭਾਰਤੀ ਸਿਨੇਮਾ ਵਿੱਚ ਆਤਮ-ਨਿਰਭਰਤਾ ਲਿਆਉਣ ਵਾਲੇ ਦੂਰ-ਅੰਦੇਸ਼ੀ

ਭਾਰਤੀ ਸਿਨੇਮਾ ਦੇ ਖੇਤਰ ਵਿੱਚ 'ਆਤਮ-ਨਿਰਭਰਤਾ' ਅਤੇ 'ਮੇਕ ਇਨ ਇੰਡੀਆ' ਦਾ ਪ੍ਰਸਾਰ ਕਰਨ ਵਾਲੇ ਦਾਦਾ ਸਾਹੇਬ ਫਾਲਕੇ ਅਜਿਹੇ ਦੂਰਦਰਸ਼ੀ ਵਿਅਕਤੀ ਸਨ, ਜਿਨ੍ਹਾਂ ਨੂੰ ਭਾਰਤੀ ਸਿਨੇਮਾ ਦਾ ਜਨਮਦਾਤਾ ਕਿਹਾ ਜਾਂਦਾ ਹੈ। ਬਚਪਨ ਤੋਂ ਹੀ ਕਲਾ ਦੇ ਪ੍ਰਤੀ ਸਮਰਪਣ ਭਾਵ ਰੱਖਣ ਵਾਲੇ ਫਾਲਕੇ ਨੇ ਆਪਣੀਆਂ ਫ਼ਿਲਮਾਂ ਵਿੱਚ ਹਮੇਸ਼ਾ ਸਥਾਨਕ ਕਲਾਕਾਰਾਂ ਦੀ ਵਰਤੋਂ ਕੀਤੀ । ਸਵਦੇਸ਼ੀ ਤੌਰ ‘ਤੇ ਉਪਲਬਧ ਸਾਈਟ ਅਤੇ ਤਕਨਾਲੋਜੀ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਦੇਸ਼ ਭਗਤੀ, ਭਾਰਤੀ ਫ਼ਿਲਮਾਂ ਦੇ ਪ੍ਰਤੀ ਉਨ੍ਹਾਂ ਦਾ ਜਨੂੰਨ, ਦੂਰਅੰਦੇਸ਼ੀ ਅਤੇ ਵਿਰਾਸਤ ਅੱਜ ਵੀ ਦੁਨੀਆ ਭਰ ਦੇ ਕਹਾਣੀਕਾਰਾਂ ਅਤੇ ਫ਼ਿਲਮ ਬਣਾਉਣ ਵਾਲਿਆਂ ਨੂੰ ਕਰਦੀ ਹੈ ਪ੍ਰੇਰਿਤ ........

**ਜਨਮ:**
30 ਅਪ੍ਰੈਲ 1870

**ਦੇਹਾਂਤ:**
16 ਫਰਵਰੀ 1944

ਇੱਕ ਅਜਿਹੇ ਵਿਅਕਤੀ ਜਿਸ ਦੇ ਕੋਲ ਨਾ ਤਾਂ ਪੈਸਾ ਸੀ ਅਤੇ ਨਾ ਹੀ ਕੋਈ ਬੀਮਾ ਪਾਲਿਸੀ। ਅਜਿਹੇ ਵਿੱਚ ਉਨ੍ਹਾਂ ਨੇ ਆਪਣੀ ਪਤਨੀ ਦੇ ਗਹਿਣੇ ਵੇਚ ਅਤੇ ਫ਼ਿਲਮ ਨਿਰਮਾਣ ਦੇ ਲਈ ਸਭ ਕੁਝ ਖਰੀਦਿਆ। ਉਸ ਇਨਸਾਨ ਨੇ ਨਾ ਸਿਰਫ਼ ਫ਼ਿਲਮਾਂ ਬਣਾਈਆਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਰਾਹ ਵੀ ਤਿਆਰ ਕੀਤਾ। ਇਹ ਵਿਅਕਤੀ ਕੋਈ ਹੋਰ ਨਹੀਂ ਸਗੋਂ ਦਾਦਾ ਸਾਹੇਬ ਫਾਲਕੇ ਸਨ, ਜਿਨ੍ਹਾਂ ਨੇ ਭਾਰਤ ਦੇ ਲੋਕਾਂ ਨੂੰ ਸਿਨੇਮਾਈ ਅਨੁਭਵ ਦੀ ਸੁੰਦਰਤਾ ਨਾਲ ਜਾਣੂ ਕਰਵਾਇਆ। ਦੁਨੀਆ ਵਿੱਚ ਸਭ ਤੋਂ ਵੱਡੇ ਮਨੋਰੰਜਨ ਉਦਯੋਗ ਦੇ ਰੂਪ ਵਿੱਚ ਵਿਕਸਿਤ ਹੋਣ ਦਾ ਰਾਹ ਪੱਧਰਾ ਕੀਤਾ। ਪਟਕਥਾ ਲੇਖਨ, ਫ਼ਿਲਮ ਨਿਰਮਾਣ ਅਤੇ ਨਿਰਦੇਸ਼ਨ ਸਮੇਤ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਦਾਦਾ ਸਾਹੇਬ ਫਾਲਕੇ ਨੂੰ ਭਾਰਤੀ ਸਿਨੇਮਾ ਦਾ ਜਨਕ ਮੰਨਿਆ ਜਾਂਦਾ ਹੈ ਜਿਨ੍ਹਾਂ ਨੇ ਪਹਿਲੀ ਭਾਰਤੀ ਫੀਚਰ ਫ਼ਿਲਮ 'ਰਾਜਾ ਹਰੀਸ਼ਚੰਦਰ' ਦੇ ਨਾਲ ਭਾਰਤੀ ਸਿਨੇਮਾ ਦੀ ਜਾਦੂਈ ਦੁਨੀਆ ਦੀ ਨੀਂਹ ਰੱਖੀ।

ਮਹਾਰਾਸ਼ਟਰ ਵਿੱਚ ਨਾਸਿਕ ਦੇ ਨੇੜੇ ਤ੍ਰਿਅੰਬਕੇਸ਼ਵਰ ਵਿੱਚ 30 ਅਪ੍ਰੈਲ 1870 ਨੂੰ ਜਨਮੇ ਦਾਦਾ ਸਾਹੇਬ ਦਾ ਪੂਰਾ ਨਾਮ ਧੁੰਡੀਰਾਜ ਗੋਵਿੰਦ ਫਾਲਕੇ ਸੀ। 'ਦ ਲਾਈਫ ਆਫ ਕ੍ਰਾਈਸਟ' ਫ਼ਿਲਮ ਦੇਖਣ ਤੋਂ ਬਾਅਦ ਉਨ੍ਹਾਂ ਨੂੰ ਫ਼ਿਲਮ ਬਣਾਉਣ ਦੀ ਪ੍ਰੇਰਨਾ ਮਿਲੀ। ਅਜਿਹੇ ਵਿੱਚ ਉਨ੍ਹਾਂ ਨੇ 1912 ਵਿੱਚ 'ਫਾਲਕੇ ਫ਼ਿਲਮ ਕੰਪਨੀ' ਦੀ ਸਥਾਪਨਾ ਕੀਤੀ । ਉਨ੍ਹਾਂ ਨੇ 3 ਮਈ 1913 ਨੂੰ ਮੁੰਬਈ ਦੇ ਕੋਰੋਨੇਸ਼ਨ ਥੀਏਟਰ ਵਿੱਚ ਆਪਣੀ ਪਹਿਲੀ ਮੂਕ (Silent) ਫ਼ਿਲਮ 'ਰਾਜਾ ਹਰੀਸ਼ਚੰਦਰ' ਦਾ ਪ੍ਰਦਰਸ਼ਨ ਕੀਤਾ। ਜਿਸ ਦੇ ਬਾਅਦ ਤੋਂ ਹੀ ਦੇਸ਼ ਵਿੱਚ ਫੀਚਰ ਫਿਲਮਾਂ ਦਾ ਚਲਣ ਵਧਣ ਲਗਿਆ।

ਉਨ੍ਹਾਂ ਨੇ ਉਸ ਦੌਰ ਵਿੱਚ ਫਿਲਮਾਂ ਵਿੱਚ ਤਮਾਮ ਨਵੇਂ ਪ੍ਰਯੋਗ ਕੀਤੇ ਅਤੇ ਫਿਰ ਵਰ੍ਹੇ 1917 ਵਿੱਚ ਮਹਾਰਾਸ਼ਟਰ ਦੇ ਨਾਸਿਕ ਵਿੱਚ ‘ਹਿੰਦੁਸਤਾਨ ਫਿਲਮ’ ਕੰਪਨੀ ਦੀ ਨੀਂਹ ਰੱਖੀ। 19 ਵਰ੍ਹਿਆਂ ਦੇ ਸਫ਼ਰ ਵਿੱਚ ਉਨ੍ਹਾਂ ਨੇ ਕਈ ਫਿਲਮਾਂ ਦਾ ਨਿਰਮਾਣ ਕੀਤਾ ਜਿਸ ਵਿੱਚ 95 ਫੀਚਰ ਫ਼ਿਲਮਾਂ ਅਤੇ 27 ਸ਼ੌਰਟ ਫ਼ਿਲਮਾਂ ਸ਼ਾਮਲ ਹਨ। ਰਾਜਾ ਹਰੀਸ਼ਚੰਦਰ ਤੋਂ ਇਲਾਵਾ ਮੋਹਿਨੀ ਭਸਮਾਸੁਰ, ਸਤਿਆਵਾਨ ਸਾਵਿਤਰੀ,ਲੰਕਾ ਦਹਿਨ, ਸ਼੍ਰੀ ਕ੍ਰਿਸ਼ਨ ਜਨਮ ਅਤੇ ਕਾਲੀਆ ਮਰਦਨ ਦਾਦਾ ਸਾਹੇਬ ਫਾਲਕੇ ਦੀ ਪ੍ਰਸਿੱਧ ਫਿਲਮਾਂ ਹਨ। ਉਨ੍ਹਾਂ ਦੀ ਬਣਾਈ ਗਈ ਮੋਹਿਨੀ ਭਸਮਾਸੁਰ ਪਹਿਲੀ ਫ਼ਿਲਮ ਹੈ ਜਿਸ ਵਿੱਚ ਮਹਿਲਾ ਕਲਾਕਾਰਾਂ ਨੇ ਕੰਮ ਕੀਤਾ ਜਦੋਂ ਕਿ 1917 ਵਿੱਚ ਬਣੀ ਲੰਕਾ ਦਹਿਨ ਵਿੱਚ ਕਿਸੇ ਅਭਿਨੇਤਾ ਦਾ ਡਬਲ ਰੋਲ ਦੇਖਣ ਨੂੰ ਮਿਲਿਆ। 1932 ਵਿੱਚ ਬਣੀ ਸੇਤੂ ਬੰਧਨ ਉਨ੍ਹਾਂ ਦੀ ਆਖਰੀ ਮੂਕ ਫ਼ਿਲਮ ਸੀ ਜਦੋਂ ਕਿ ਉਨ੍ਹਾਂ ਨੇ ਇੱਕੋ-ਇੱਕ ਬੋਲਦੀ ਫ਼ਿਲਮ ਗੰਗਾਵਤਰਣ ਦਾ ਨਿਰਮਾਣ ਕੀਤਾ। ਦਾਦਾ ਸਾਹੇਬ ਫਾਲਕੇ ਦਾ ਨਾਮ ਭਾਰਤੀ ਸਿਨੇਮਾ ਦੇ ਇਤਿਹਾਸ ਵਿੱਚ ਸੁਨਹਿਰੀ ਅਖਰਾਂ ਵਿੱਚ ਅੰਕਿਤ ਹੈ। 16 ਫਰਵਰੀ 1944 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਭਾਰਤੀ ਸਿਨੇਮਾ ਵਿੱਚ ਸ਼ਾਨਦਾਰ ਯੋਗਦਾਨ ਅਤੇ ਉਪਲਬਧੀਆਂ ਦੇ ਲਈ ਫਿਲਮ ਦਾ ਸਰਵਉੱਚ ਸਨਮਾਨ, 'ਦਾਦਾ ਸਾਹੇਬ ਫਾਲਕੇ ਪੁਰਸਕਾਰ' ਪ੍ਰਦਾਨ ਕੀਤਾ ਜਾਂਦਾ ਹੈ। ਇਸ ਪੁਰਸਕਾਰ ਦੀ ਸ਼ੁਰੂਆਤ ਦਾਦਾ ਸਾਹੇਬ ਦੇ ਜਨਮ ਸ਼ਤਾਬਦੀ ਵਰ੍ਹੇ 1969 ਤੋਂ ਹੋਈ ਸੀ। 1 ਮਈ 2025 ਨੂੰ 'ਵੇਵਸ ਸਮਿਟ' ਵਿੱਚ ਭਾਰਤ ਦੇ ਸਮ੍ਰਿੱਧ ਸਿਨੇਮਾਈ ਇਤਿਹਾਸ ‘ਤੇ ਵਿਚਾਰ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦਾਦਾ ਸਾਹੇਬ ਫਾਲਕੇ ਨੂੰ ਯਾਦ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ 3 ਮਈ, 1913 ਨੂੰ ਭਾਰਤ ਦੀ ਪਹਿਲੀ ਫੀਚਰ ਫਿਲਮ ਰਾਜਾ ਹਰੀਸ਼ਚੰਦਰ ਰੀਲੀਜ਼ ਹੋਈ ਸੀ ਜਿਸ ਦਾ ਨਿਦੇਸ਼ਨ ਮੋਹਰੀ ਫਿਲਮ ਨਿਰਮਾਤਾ ਦਾਦਾ ਸਾਹੇਬ ਫਾਲਕੇ ਨੇ ਕੀਤਾ ਸੀ।

**21 ਅਪ੍ਰੈਲ 2026: 18ਵਾਂ ਸਿਵਿਲ ਸੇਵਾ ਦਿਵਸ**

# ਲੋਕ ਸੇਵਕ

## ਵਿਕਸਿਤ ਭਾਰਤ ਦੇ ਸ਼ਿਲਪਕਾਰ

**ਸ਼ਾਸਨ ਦੀ ਗੁਣਵੱਤਾ ਇਸ ਗੱਲ ਨਾਲ ਨਿਰਧਾਰਿਤ ਹੁੰਦੀ ਹੈ ਕਿ ਯੋਜਨਾਵਾਂ ਲੋਕਾਂ ਤੱਕ ਕਿਸ ਹੱਦ ਤੱਕ ਪਹੁੰਚਦੀਆਂ ਹਨ। ਉਨ੍ਹਾਂ ਦਾ ਜ਼ਮੀਨੀ ਪੱਧਰ 'ਤੇ ਅਸਲ ਪ੍ਰਭਾਵ ਕੀ ਹੈ। ਸਿਵਿਲ ਸੇਵਾ ਇਸ ਕੰਮ ਦੀ ਰੀੜ੍ਹ ਦੀ ਹੱਡੀ ਹੈ... ਅਤੇ ਇਸੇ ਲਈ ਸਰਦਾਰ ਵੱਲਭ ਭਾਈ ਪਟੇਲ ਨੇ ਸਿਵਿਲ ਸੇਵਕਾਂ ਨੂੰ ਦੇਸ਼ ਦੇ 'ਸਟੀਲ ਫਰੇਮ' ਦਾ ਨਾਮ ਦਿੱਤਾ ਸੀ। ਜਨਤਕ ਸੇਵਾ, ਨੀਤੀ ਨਿਰਮਾਣ ਅਤੇ ਉਸ ਦੇ ਲਾਗੂਕਰਨ ਵਿੱਚ ਸਿਵਿਲ ਸੇਵਕਾਂ ਦੀ ਭੂਮਿਕਾ ਨੂੰ ਯਾਦ ਕਰਨ ਦੇ ਲਈ ਹਰ ਸਾਲ 21 ਅਪ੍ਰੈਲ ਨੂੰ ਸਿਵਿਲ ਸੇਵਾ ਦਿਵਸ ਮਨਾਇਆ ਜਾਂਦਾ ਹੈ। ਇਸ ਸਾਲ ਰਾਸ਼ਟਰ ਮਨਾ ਰਿਹਾ ਹੈ 18ਵਾਂ ਸਿਵਿਲ ਸੇਵਾ ਦਿਵਸ.............**



ਸੁਸ਼ਾਸਨ ਨੂੰ ਯਕੀਨੀ ਬਣਾਉਣਾ ਹੋਵੇ ਜਾਂ ਯੋਜਨਾਵਾਂ ਅਤੇ ਨੀਤੀਆਂ ਨੂੰ ਲਾਗੂ ਕਰਨਾ, ਸਿਵਿਲ ਸੇਵਕਾਂ ਨੇ ਪੂਰੀ ਨਿਸ਼ਠਾ ਅਤੇ ਸਮਰਪਣ ਦੇ ਨਾਲ ਰਾਸ਼ਟਰ ਦੀ ਸੇਵਾ ਕੀਤੀ ਹੈ। ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਦੇਸ਼ 'ਵਿਕਸਿਤ ਭਾਰਤ' ਦਾ ਸੰਕਲਪ ਲੈ ਕੇ ਅੱਗੇ ਵਧ ਰਿਹਾ ਹੈ, ਸਿਵਿਲ ਸੇਵਕਾਂ ਦੀਆਂ ਜ਼ਿੰਮੇਵਾਰੀਆਂ ਹੋਰ ਵਧੇਰੇ ਮਹੱਤਵਪੂਰਨ ਹੋ ਜਾਂਦੀਆਂ ਹਨ। ਸਿਵਿਲ ਸੇਵਕਾਂ ਦੀਆਂ ਇਨ੍ਹਾਂ ਜ਼ਿੰਮੇਵਾਰੀਆਂ ਅਤੇ ਵਿਕਸਿਤ ਭਾਰਤ ਦੇ ਸੰਕਲਪ ਮਾਰਗ 'ਤੇ ਉਨ੍ਹਾਂ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਨਾਗਰਿਕ ਦੇਵੋ ਭਵ:' ਦਾ ਮੰਤਰ ਦਿੱਤਾ ਹੈ। 21 ਅਪ੍ਰੈਲ 1947 ਨੂੰ ਪ੍ਰਸ਼ਾਸਨਿਕ ਸੇਵਾ ਅਧਿਕਾਰੀਆਂ ਦੇ ਪਹਿਲੇ ਬੈਚ ਨੂੰ ਸੰਬੋਧਨ ਕਰਦੇ ਹੋਏ ਸਰਦਾਰ ਪਟੇਲ ਨੇ ਸਿਵਿਲ ਸੇਵਕਾਂ ਨੂੰ ਦੇਸ਼ ਦਾ 'ਸਟੀਲ ਫਰੇਮ' ਕਿਹਾ ਸੀ। ਉਨ੍ਹਾਂ ਅਫਸਰਾਂ ਨੂੰ 'ਲੋਹ ਪੁਰਸ਼' ਸਰਦਾਰ ਪਟੇਲ ਦੀ ਸਲਾਹ ਸੀ ਕਿ ਦੇਸ਼ ਦੇ ਨਾਗਰਿਕਾਂ ਦੀ ਸੇਵਾ ਹੁਣ ਤੁਹਾਡਾ ਸਰਵਉੱਚ ਕਰਤੱਵ ਹੈ। ਉਨ੍ਹਾਂ ਨੇ ਸੁਤੰਤਰ ਭਾਰਤ ਦੀ ਬਿਊਰੋਕ੍ਰੇਸੀ ਦੀਆਂ ਨਵੀਆਂ ਮਰਿਆਦਾਵਾਂ ਤੈਅ ਕੀਤੀਆਂ ਸਨ। ਇੱਕ ਅਜਿਹਾ ਸਿਵਿਲ ਸੇਵਕ, ਜੋ ਰਾਸ਼ਟਰ ਦੀ ਸੇਵਾ ਨੂੰ ਆਪਣਾ ਸਰਵੋਤਮ ਕਰਤੱਵ ਮੰਨੇ। ਜੋ ਲੋਕਤੰਤਰੀ ਤਰੀਕੇ ਨਾਲ ਪ੍ਰਸ਼ਾਸਨ ਚਲਾਏ ਅਤੇ ਇਮਾਨਦਾਰੀ, ਅਨੁਸ਼ਾਸਨ ਅਤੇ ਸਮਰਪਣ ਨਾਲ ਭਰਿਆ ਹੋਵੇ। ਅੱਜ ਜਦੋਂ ਦੇਸ਼ ਵਿਕਸਿਤ ਭਾਰਤ ਬਣਾਉਣ ਦੇ ਸੰਕਲਪ ਨਾਲ ਅੱਗੇ ਵਧ ਰਿਹਾ ਹੈ, ਤਾਂ ਸਰਦਾਰ ਵੱਲਭ ਭਾਈ ਪਟੇਲ ਦੀਆਂ ਇਹ ਗੱਲਾਂ ਹੋਰ ਵੀ ਜ਼ਿਆਦਾ ਪ੍ਰਾਸੰਗਿਕ ਹੋ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ ਇੱਕ ਦੌਰ ਅਜਿਹਾ ਸੀ ਜਦੋਂ ਬਿਊਰੋਕ੍ਰੇਸੀ ਦੀ ਭੂਮਿਕਾ ਇੱਕ 'ਰੈਗੂਲੇਟਰ' ਦੀ ਹੁੰਦੀ ਸੀ, ਜੋ ਉਦਯੋਗੀਕਰਣ ਅਤੇ ਉੱਦਮਤਾ ਦੀ ਗਤੀ ਨੂੰ ਕੰਟਰੋਲ ਕਰਦੀ ਸੀ। ਇਸ ਸੋਚ ਤੋਂ ਵੀ ਦੇਸ਼ ਹੁਣ ਅੱਗੇ ਨਿਕਲ ਚੁੱਕਿਆ ਹੈ। ਅੱਜ ਅਸੀਂ ਅਜਿਹਾ ਮਾਹੌਲ ਤਿਆਰ ਕਰ ਰਹੇ ਹਾਂ, ਜੋ ਨਾਗਰਿਕਾਂ ਵਿੱਚ ਉਦਯੋਗ ਨੂੰ ਪ੍ਰਮੋਟ ਕਰੇ ਅਤੇ ਉਨ੍ਹਾਂ ਨੂੰ ਹਰ ਰੁਕਾਵਟ ਨੂੰ ਪਾਰ ਕਰਨ ਵਿੱਚ ਮਦਦ ਕਰੇ। ਇਸ ਲਈ ਸਿਵਿਲ ਸਰਵਿਸਿਜ਼ ਨੂੰ ਸਮਰੱਥ ਬਣਨਾ ਹੋਵੇਗਾ। ਸਿਰਫ਼ ਨਿਯਮਾਂ ਦੀ ਕਿਤਾਬ ਦੇ ਰੱਖਿਅਕ ਦੇ ਰੂਪ ਹੀ ਨਹੀਂ, ਸਗੋਂ ਵਿਕਾਸ ਦੇ ਸੰਚਾਲਕ ਦੇ ਰੂਪ ਵਿੱਚ ਆਪਣਾ ਵਿਸਤਾਰ ਕਰਨਾ ਹੋਵੇਗਾ।

## ਨਵੇਂ ਭਾਰਤ ਦੇ ਸ਼ਿਲਪਕਾਰ

ਇੱਕ ਸਮਾਂ ਸੀ, ਜਦੋਂ ਸਿਵਿਲ ਸੇਵਾ ਵਿੱਚ ਆਉਣ ਵਾਲਿਆਂ ਦਾ ਸੁਪਨਾ ਹੁੰਦਾ ਸੀ ਕਿ ਉਹ ਸਿਵਿਲ ਸੇਵਕ ਵਜੋਂ ਅੱਗੇ ਵਧਣ। ਪਰ ਹੁਣ ਸਮਾਂ ਬਦਲ ਚੁੱਕਿਆ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ "ਮੈਂ ਜਿਨ੍ਹਾਂ ਸੁਪਨਿਆਂ ਨੂੰ ਹਿੰਦੁਸਤਾਨ ਦੇ 140 ਕਰੋੜ ਦੇਸ਼ਵਾਸੀਆਂ ਦੀਆਂ ਅੱਖਾਂ ਵਿੱਚ ਦੇਖ ਰਿਹਾ ਹਾਂ ਅਤੇ ਇਸ ਲਈ ਮੈਂ ਹੁਣ ਕਹਿ ਰਿਹਾ ਹਾਂ ਕਿ ਤੁਸੀਂ ਸਿਰਫ਼ ਸਿਵਿਲ ਸੇਵਕ ਨਹੀਂ ਹੋ, ਤੁਸੀਂ ਨਵੇਂ ਭਾਰਤ ਦੇ ਸ਼ਿਲਪਕਾਰ ਹੋ।" ਸ਼ਿਲਪਕਾਰ ਦੀ ਉਸ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਲਈ ਆਪਣੇ ਆਪ ਨੂੰ ਸਮਰੱਥ ਬਣਾਓ। ਹਰ ਆਮ ਵਿਅਕਤੀ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਕੇ ਜੀਓ। ਵਿਕਸਿਤ ਭਾਰਤ ਦਾ ਇਹੀ ਸਾਡਾ ਟੀਚਾ ਹੋਣਾ ਚਾਹੀਦਾ ਹੈ।

## ਸਰਕਾਰ ਨੇ ਬਿਊਰੋਕ੍ਰੇਸੀ ਨੂੰ ਦਿਵਾਈ ਬੰਧਨਾਂ ਤੋਂ ਮੁਕਤੀ

ਪਿਛਲੇ ਵਰ੍ਹਿਆਂ ਵਿੱਚ ਸਰਕਾਰ ਨੇ ਬਿਊਰੋਕ੍ਰੇਸੀ ਨੂੰ ਬੰਧਨਾਂ ਤੋਂ ਮੁਕਤੀ ਦਿਵਾਈ ਹੈ। ਇਹ ਬੰਧਨ ਹਨ—ਪ੍ਰੋਟੋਕੋਲ ਅਤੇ ਪਦ-ਅਨੁਕ੍ਰਮ (Hierarchy) ਦੇ ਬੰਧਨ। ਤੁਸੀਂ ਜਾਣਦੇ ਹੋ ਕਿ ਪਦ-ਅਨੁਕ੍ਰਮ ਦੇ ਬੰਧਨਾਂ ਨੂੰ ਤੋੜਨ ਦੀ ਸ਼ੁਰੂਆਤ ਵੀ ਪ੍ਰਧਾਨ ਮੰਤਰੀ ਮੋਦੀ ਨੇ ਖੁਦ ਕੀਤੀ। ਉਹ ਨਿਯਮਿਤ ਤੌਰ 'ਤੇ ਸਕੱਤਰ ਤੋਂ ਲੈ ਕੇ ਸਹਾਇਕ ਸਕੱਤਰ ਤੱਕ ਨੂੰ ਮਿਲਦੇ ਰਹਿੰਦੇ ਹਨ। ਉਹ ਟ੍ਰੇਨੀ ਅਫਸਰਾਂ ਨਾਲ ਮੁਲਾਕਾਤ ਕਰਦੇ ਹਨ। ਉਨ੍ਹਾਂ ਨੇ ਵਿਭਾਗ ਦੇ ਅੰਦਰ ਹਰ ਕਿਸੇ ਦੀ ਭਾਗੀਦਾਰੀ ਵਧਾਉਣ ਅਤੇ ਨਵੇਂ ਵਿਚਾਰਾਂ ਦੇ ਲਈ ਕੇਂਦਰ ਸਰਕਾਰ ਵਿੱਚ ਵੀ 'ਚਿੰਤਨ ਸ਼ਿਵਿਰਾਂ' ਨੂੰ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਦੇ ਯਤਨਾਂ ਨਾਲ ਇੱਕ ਹੋਰ ਵੱਡੀ ਤਬਦੀਲੀ ਆਈ ਹੈ। ਪਹਿਲਾਂ ਕਈ ਵਰ੍ਹਿਆਂ ਤੱਕ ਰਾਜਾਂ ਵਿੱਚ ਰਹਿਣ ਤੋਂ ਬਾਅਦ ਹੀ ਅਧਿਕਾਰੀਆਂ ਨੂੰ ਡੈਪੂਟੇਸ਼ਨ 'ਤੇ ਕੇਂਦਰ ਸਰਕਾਰ ਵਿੱਚ ਕੰਮ ਕਰਨ ਦਾ ਅਨੁਭਵ ਮਿਲਦਾ ਸੀ। ਇਹ ਕਿਸੇ ਨੇ ਨਹੀਂ ਸੋਚਿਆ ਸੀ ਕਿ ਜੇਕਰ ਇਨ੍ਹਾਂ ਅਧਿਕਾਰੀਆਂ ਦੇ ਕੋਲ ਕੇਂਦਰ ਸਰਕਾਰ ਵਿੱਚ ਕੰਮ ਕਰਨ ਦਾ ਅਨੁਭਵ ਹੀ ਨਹੀਂ ਹੋਵੇਗਾ ਤਾਂ ਉਹ ਕੇਂਦਰ ਦੇ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ 'ਤੇ ਕਿਵੇਂ ਲਾਗੂ ਕਰਨਗੇ? ਅਜਿਹੇ ਵਿੱਚ ਉਨ੍ਹਾਂ ਨੇ 'ਸਹਾਇਕ ਸਕੱਤਰ' ਪ੍ਰੋਗਰਾਮ ਦੇ ਜ਼ਰੀਏ ਇਸ ਗੈਪ ਨੂੰ ਵੀ ਭਰਨ ਦੀ ਕੋਸ਼ਿਸ਼ ਕੀਤੀ। ਹੁਣ ਯੁਵਾ ਆਈਏਐੱਸ ਅਧਿਕਾਰੀਆਂ ਨੂੰ ਆਪਣੇ ਕਰੀਅਰ ਦੀ ਸ਼ੁਰੂਆਤ ਵਿੱਚ ਹੀ ਕੇਂਦਰ ਸਰਕਾਰ ਵਿੱਚ ਕੰਮ ਕਰਨ ਅਤੇ ਉਸ ਦਾ ਅਨੁਭਵ ਲੈਣ ਦਾ ਮੌਕਾ ਮਿਲਦਾ ਹੈ।

## ਤਕਨੀਕੀ ਕ੍ਰਾਂਤੀ ਦੇ ਲਈ ਤਿਆਰ ਹੋਣ ਸਿਵਿਲ ਸੇਵਕ

ਸਿਵਿਲ ਸੇਵਕਾਂ ਨੂੰ ਅਜਿਹੇ ਕੌਸ਼ਲ ਹਾਸਲ ਕਰਨੇ ਚਾਹੀਦੇ ਹਨ ਜੋ ਨਾ ਸਿਰਫ਼ ਉਨ੍ਹਾਂ ਨੂੰ ਤਕਨਾਲੋਜੀ ਨੂੰ ਸਮਝਣ ਵਿੱਚ ਮਦਦ ਕਰਨ, ਸਗੋਂ ਸਮਾਰਟ ਅਤੇ ਸਮਾਵੇਸ਼ੀ ਸ਼ਾਸਨ ਦੇ ਲਈ ਵੀ ਸਮਰੱਥ ਬਣਾਉਣ।

ਤਕਨਾਲੋਜੀ ਦੇ ਯੁੱਗ ਵਿੱਚ ਸ਼ਾਸਨ ਦਾ ਮਤਲਬ ਸਿਰਫ਼ ਪ੍ਰਣਾਲੀ ਦਾ ਪ੍ਰਬੰਧਨ ਕਰਨਾ ਹੀ ਨਹੀਂ, ਸਗੋਂ ਸੰਭਾਵਨਾਵਾਂ ਨੂੰ ਕਈ ਗੁਣਾ ਵਧਾਉਣਾ ਵੀ ਹੁੰਦਾ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ (AI) ਅਤੇ ਕੁਆਂਟਮ ਫਿਜ਼ਿਕਸ ਵਿੱਚ ਤੇਜ਼ੀ ਨਾਲ ਹੋ ਰਹੀ ਤਰੱਕੀ ਨੂੰ ਸਮਝਣ ਦੇ ਲਈ ਸਿਵਿਲ ਸੇਵਕਾਂ ਨੂੰ ਤਕਨੀਕੀ ਕ੍ਰਾਂਤੀ ਦੇ ਲਈ ਤਿਆਰ ਰਹਿਣ ਦੀ ਜ਼ਰੂਰਤ ਹੈ।



## ਸੁਸ਼ਾਸਨ ਨਾਲ ਜਗਾਇਆ ਵਿਸ਼ਵਾਸ

- ਆਪਣੇ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਦੇ ਲਈ ਪਹਿਲਾਂ ਗਜ਼ਟਿਡ ਅਫ਼ਸਰ ਦੇ ਕੋਲ ਜਾਣਾ ਪੈਂਦਾ ਸੀ, ਪਰ ਮੌਜੂਦਾ ਕੇਂਦਰ ਸਰਕਾਰ ਨੇ ਖ਼ੁਦ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ।
- 1 ਜਨਵਰੀ 2016 ਤੋਂ ਸਰਕਾਰੀ ਨੌਕਰੀਆਂ ਵਿੱਚ ਗਰੁੱਪ-ਸੀ ਅਤੇ ਗਰੁੱਪ-ਬੀ ਸ਼੍ਰੇਣੀ ਦੀਆਂ ਸਾਰੀਆਂ ਗੈਰ-ਗਜ਼ਟਿਡ ਅਸਾਮੀਆਂ 'ਤੇ ਭਰਤੀ ਲਈ ਇੰਟਰਵਿਊ ਨੂੰ ਖ਼ਤਮ ਕਰਨ ਦਾ ਫ਼ੈਸਲਾ ਲਿਆ ਗਿਆ।
- ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਪਹਿਲਾਂ ਔਸਤਨ 62 ਦਿਨ ਲਗਦੇ ਸਨ ਤਾਂ ਹੁਣ 13 ਦਿਨ ਲਗ ਰਹੇ ਹਨ। ਵੱਡੀ ਗਿਣਤੀ ਵਿੱਚ 5 ਤੋਂ 6 ਦਿਨਾਂ ਵਿੱਚ ਵੀ ਸ਼ਿਕਾਇਤਾਂ ਦਾ ਨਿਪਟਾਰਾ ਹੋ ਰਿਹਾ ਹੈ।

## ਰਾਸ਼ਟਰੀ ਸਿਵਿਲ ਸੇਵਾ ਦਿਵਸ ਮਨਾਉਣ ਦਾ ਉਦੇਸ਼

- ਸਿਵਿਲ ਸੇਵਾ ਅਧਿਕਾਰੀਆਂ ਦੇ ਕੰਮਾਂ ਅਤੇ ਯਤਨਾਂ ਨੂੰ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਦੀ ਸ਼ਲਾਘਾ ਕਰਨਾ।
- ਕੇਂਦਰ ਸਰਕਾਰ ਇਸ ਮੌਕੇ ਦੀ ਵਰਤੋਂ ਸਿਵਿਲ ਸੇਵਾਵਾਂ ਦੇ ਅਧੀਨ ਵੱਖ-ਵੱਖ ਵਿਭਾਗਾਂ ਦੇ ਕੰਮਾਂ ਦਾ ਮੁਲਾਂਕਣ ਕਰਨ ਲਈ ਕਰਦੀ ਹੈ।
- ਕੇਂਦਰ ਸਰਕਾਰ ਸਭ ਤੋਂ ਵਧੀਆ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਸਮੂਹਾਂ ਨੂੰ ਪੁਰਸਕਾਰ ਦਿੰਦੀ ਹੈ।
- ਇਸ ਦਿਨ ਕੇਂਦਰ ਅਤੇ ਰਾਜ ਸਰਕਾਰਾਂ ਦੇ ਅਧਿਕਾਰੀਆਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੁਆਰਾ ਲੋਕ ਪ੍ਰਸ਼ਾਸਨ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਅਸਾਧਾਰਨ ਸੇਵਾਵਾਂ ਦੇ ਲਈ ਸਨਮਾਨਿਤ ਕੀਤਾ ਜਾਂਦਾ ਹੈ।




### ਸਿਵਿਲ ਸੇਵਕਾਂ ਦੇ ਰਿਫੌਰਮ ਨੂੰ ਮੁੜ ਕਲਪਨਾ ਕਰਨ ਦਾ ਸਮਾਂ

ਇਹ ਸਮਾਂ ਸਿਵਿਲ ਸੇਵਾਵਾਂ ਵਿੱਚ ਸੁਧਾਰਾਂ ਦੀ ਮੁੜ ਕਲਪਨਾ ਕਰਨ ਦਾ ਹੈ। ਅਸੀਂ ਸੁਧਾਰਾਂ ਦੀ ਗਤੀ ਵੀ ਵਧਾਉਣੀ ਹੈ ਅਤੇ ਉਨ੍ਹਾਂ ਦਾ ਦਾਇਰਾ ਵੀ ਵਧਾਉਣਾ ਹੈ। ਇਨਫ੍ਰਾਸਟ੍ਰਕਚਰ ਹੋਵੇ ਜਾਂ ਰਿਨਿਊਏਬਲ ਐਨਰਜੀ ਦਾ ਟੀਚਾ, ਅੰਦਰੂਨੀ ਸੁਰੱਖਿਆ ਹੋਵੇ ਜਾਂ ਭ੍ਰਿਸ਼ਟਾਚਾਰ ਖ਼ਤਮ ਕਰਨ ਦਾ ਟੀਚਾ, ਸੋਸ਼ਲ ਵੈਲਫੇਅਰ ਦੀਆਂ ਯੋਜਨਾਵਾਂ ਹੋਣ ਜਾਂ ਓਲੰਪਿਕ ਖੇਡਾਂ ਨਾਲ ਜੁੜੇ ਟੀਚੇ, ਹਰ ਖੇਤਰ ਵਿੱਚ ਦੇਸ਼ ਨੂੰ ਨਵੇਂ ਰਿਫੌਰਮ ਕਰਨੇ ਹਨ। ਪ੍ਰਧਾਨ ਮੰਤਰੀ ਮੋਦੀ ਦਾ ਮੰਨਣਾ ਹੈ ਕਿ ਹੁਣ ਤੱਕ ਜਿਨ੍ਹਾਂ ਹਾਸਲ ਕੀਤਾ ਹੈ, ਹੁਣ ਉਸ ਤੋਂ ਵੀ ਕਈ ਗੁਣਾ ਜ਼ਿਆਦਾ ਹਾਸਲ ਕਰਕੇ ਦਿਖਾਉਣਾ ਹੈ। ਇਨ੍ਹਾਂ ਸਭ ਦੇ ਦਰਮਿਆਨ ਸਾਨੂੰ ਸਾਰਿਆਂ ਨੂੰ ਹਮੇਸ਼ਾ-ਹਮੇਸ਼ਾ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ, ਦੁਨੀਆ ਕਿੰਨੀ ਵੀ ਜ਼ਿਆਦਾ ਤਕਨਾਲੋਜੀ-ਸੰਚਾਲਿਤ ਕਿਉਂ ਨਾ ਹੋ ਜਾਵੇ, ਸਾਨੂੰ ਮਨੁੱਖੀ ਵਿਵੇਕ ਦੇ ਮਹੱਤਵ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਹੈ। ਸੰਵੇਦਨਸ਼ੀਲ ਰਹੋ, ਗ਼ਰੀਬ ਦੀ ਆਵਾਜ਼ ਸੁਣੋ, ਗ਼ਰੀਬ ਦੀ ਤਕਲੀਫ਼ ਸਮਝੋ, ਉਨ੍ਹਾਂ ਦਾ ਹੱਲ ਕਰਨਾ ਆਪਣੀ ਪ੍ਰਾਥਮਿਕਤਾ ਬਣਾਓ, ਜਿਵੇਂ 'ਅਤਿਥੀ ਦੇਵੋ ਭਵ' ਹੁੰਦਾ ਹੈ, ਉਸੇ ਤਰ੍ਹਾਂ ਹੀ 'ਨਾਗਰਿਕ ਦੇਵੋ ਭਵ' ਇਸ ਮੰਤਰ ਨੂੰ ਲੈ ਕੇ ਚਲਣਾ ਹੈ। ਤੁਹਾਨੂੰ ਸਿਰਫ਼ ਭਾਰਤ ਦੇ ਸਿਵਿਲ ਸੇਵਕ ਦੇ ਰੂਪ ਵਿੱਚ ਹੀ ਨਹੀਂ, ਆਪਣੇ ਆਪ ਨੂੰ ਵਿਕਸਿਤ ਭਾਰਤ ਦੇ ਸ਼ਿਲਪਕਾਰ ਦੇ ਰੂਪ ਵਿੱਚ ਜ਼ਿੰਮੇਵਾਰੀ ਦੇ ਲਈ ਤਿਆਰ ਕਰਨਾ ਹੈ।

## ਸਰਕਾਰ ਨੇ ਭੂਮਿਕਾ ਅਧਾਰਿਤ ਪਹੁੰਚ 'ਤੇ ਬਹੁਤ ਜ਼ੋਰ ਦਿੱਤਾ ਹੈ

- ਸਿਵਿਲ ਸਰਵਿਸਿਜ਼ ਵਿੱਚ ਸਮਰੱਥਾ ਅਤੇ ਸਮਰੱਥਾ ਨਿਰਮਾਣ ਦੇ ਲਈ ਨਵਾਂ ਆਰਕੀਟੈਕਚਰ ਖੜ੍ਹਾ ਹੋਇਆ ਹੈ।
- ਸਿੱਖਣ ਦੇ ਤੌਰ-ਤਰੀਕਿਆਂ ਦਾ ਲੋਕਤੰਤਰੀਕਰਣ ਹੋਇਆ ਹੈ।
- ਹਰ ਅਫਸਰ ਦੇ ਲਈ ਉਸ ਦੀ ਸਮਰੱਥਾ ਅਤੇ ਉਮੀਦ ਦੇ ਹਿਸਾਬ ਨਾਲ ਉਸ ਦੀ ਜ਼ਿੰਮੇਵਾਰੀ ਵੀ ਤੈਅ ਹੋ ਰਹੀ ਹੈ।





> ਹੁਣ ਸਿਵਿਲ ਸਰਵਿਸ ਨੂੰ ਸਮਕਾਲੀ ਚੁਣੌਤੀਆਂ ਦੇ ਹਿਸਾਬ ਨਾਲ ਖ਼ੁਦ ਨੂੰ ਤਿਆਰ ਕਰਨਾ ਹੋਵੇਗਾ, ਤਾਂ ਹੀ ਉਹ ਪ੍ਰਾਸੰਗਿਕ ਬਣੀ ਰਹਿ ਸਕਦੀਆਂ ਹਨ। ਸਾਨੂੰ ਖ਼ੁਦ ਦੇ ਲਈ ਨਵੀਆਂ-ਨਵੀਆਂ ਕਸੌਟੀਆਂ ਵੀ ਨਿੱਤ ਬਣਾਉਂਦੇ ਰਹਿਣਾ ਹੋਵੇਗਾ ਅਤੇ ਹਰ ਕਸੌਟੀ ਨੂੰ ਪਾਰ ਕਰਦੇ ਰਹਿਣਾ ਹੋਵੇਗਾ। ਸਫ਼ਲਤਾ ਦੀ ਸਭ ਤੋਂ ਵੱਡੀ ਕੁੰਜੀ ਇਹੀ ਹੈ ਕਿ ਖ਼ੁਦ ਨੂੰ ਚੁਣੌਤੀ ਦਿੰਦੇ ਰਹੋ।
>
> — ਨਰੇਂਦਰ ਮੋਦੀ, ਪ੍ਰਧਾਨ ਮੰਤਰੀ

### ਸੁਸ਼ਾਸਨ ਦੀ ਕੁੰਜੀ

ਪਿਛਲੇ ਕੁਝ ਵਰ੍ਹਿਆਂ ਜਾਂ ਕਹੋ ਪਿਛਲੇ ਦਹਾਕੇ ਵਿੱਚ ਦੇਸ਼ ਦੀ ਸਿਵਿਲ ਸੇਵਾ ਨਾਲ ਜੁੜਨ ਵਾਲੇ ਨੌਜਵਾਨਾਂ ਨੂੰ ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ਤੁਸੀਂ ਵੀ ਜਾਣਦੇ ਹੋ ਕਿ ਜੀਵਨ ਜਿਉਣ ਦੇ ਦੋ ਤਰੀਕੇ ਹੁੰਦੇ ਹਨ। ਪਹਿਲਾ ਹੈ 'ਕੰਮ ਪੂਰਾ ਕਰਨਾ', ਦੂਜਾ ਹੈ 'ਚੀਜ਼ਾਂ ਨੂੰ ਹੋਣ ਦੇਣਾ'। ਪਹਿਲਾ ਸਰਗਰਮ ਰਵੱਈਆ ਹੈ ਅਤੇ ਦੂਜਾ ਪੈਸਿਵ ਰਵੱਈਏ ਦਾ ਪ੍ਰਤੀਬਿੰਬ ਹੈ। ਪਹਿਲੇ ਤਰੀਕੇ ਨਾਲ ਜਿਉਣ ਵਾਲੇ ਵਿਅਕਤੀ ਦੀ ਸੋਚ ਹੁੰਦੀ ਹੈ ਕਿ ਹਾਂ, ਬਦਲਾਅ ਆ ਸਕਦਾ ਹੈ। ਦੂਜੇ ਤਰੀਕੇ ਵਿੱਚ ਵਿਸ਼ਵਾਸ ਕਰਨ ਵਾਲਾ ਵਿਅਕਤੀ ਕਹਿੰਦਾ ਹੈ, 'ਠੀਕ ਹੈ, ਰਹਿਣ ਦਿਓ, ਸਭ ਇੰਝ ਹੀ ਚਲਦਾ ਹੈ। ਪਹਿਲਾਂ ਤੋਂ ਵੀ ਚਲਦਾ ਆਇਆ ਹੈ, ਅੱਗੇ ਵੀ ਚਲਦਾ ਰਹੇਗਾ, ਉਹ ਤਾਂ ਆਪਣੇ ਆਪ ਹੋ ਜਾਵੇਗਾ, ਠੀਕ ਹੋ ਜਾਵੇਗਾ।

'ਕੰਮ ਪੂਰਾ ਕਰਨ' ਵਿੱਚ ਯਕੀਨ ਰੱਖਣ ਵਾਲੇ ਅੱਗੇ ਵਧ ਕੇ ਜ਼ਿੰਮੇਵਾਰੀ ਲੈਂਦੇ ਹਨ। ਜਦੋਂ ਉਨ੍ਹਾਂ ਨੂੰ ਟੀਮ ਵਿੱਚ ਕੰਮ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਹਰ ਕੰਮ ਦੀ ਡ੍ਰਾਈਵਿੰਗ ਫੋਰਸ ਬਣ ਜਾਂਦੇ ਹਨ। ਲੋਕਾਂ ਦੇ ਜੀਵਨ ਵਿੱਚ ਬਦਲਾਅ ਲਿਆਉਣ ਦੀ ਅਜਿਹੀ ਜਵੰਲਤ ਇੱਛਾ ਨਾਲ ਹੀ ਤੁਸੀਂ ਇੱਕ ਅਜਿਹੀ ਵਿਰਾਸਤ ਛੱਡ ਜਾਵੋਗੇ, ਜਿਸ ਨੂੰ ਲੋਕ ਯਾਦ ਰੱਖਣਗੇ। ਤੁਹਾਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਇੱਕ ਅਫ਼ਸਰ ਦੇ ਰੂਪ ਵਿੱਚ ਤੁਹਾਡੀ ਸਫ਼ਲਤਾ ਇਸ ਗੱਲ ਤੋਂ ਨਹੀਂ ਮਾਪੀ ਜਾਵੇਗੀ ਕਿ ਤੁਸੀਂ ਆਪਣੇ ਲਈ ਕੀ ਹਾਸਲ ਕੀਤਾ। ਤੁਹਾਡੀ ਸਫ਼ਲਤਾ ਦਾ ਮੁਲਾਂਕਣ ਇਸ ਗੱਲ ਤੋਂ ਲਗਾਇਆ ਜਾਵੇਗਾ ਕਿ ਤੁਹਾਡੇ ਕੰਮ ਨਾਲ, ਤੁਹਾਡੇ ਕਰੀਅਰ ਨਾਲ ਦੂਜਿਆਂ ਦਾ ਜੀਵਨ ਕਿੰਨਾ ਬਦਲਿਆ ਹੈ। ਜਿਨ੍ਹਾਂ ਦਾ ਜੀਵਨ ਬਦਲਣ ਦੀ ਜ਼ਿੰਮੇਵਾਰੀ ਤੁਹਾਡੇ ਕੋਲ

ਪ੍ਰਧਾਨ ਮੰਤਰੀ ਮੋਦੀ ਦਾ ਸ਼ਾਸਨ ਮੰਤਰ

# ਨਾਗਰਿਕ ਦੇਵੋ ਭਵ:


21ਵੀਂ ਸਦੀ ਦੇ ਇਸ ਕਾਲਖੰਡ ਵਿੱਚ ਤੇਜ਼ੀ ਨਾਲ ਬਦਲ ਰਹੀਆਂ ਵਿਵਸਥਾਵਾਂ ਦੇ ਦਰਮਿਆਨ ਭਾਰਤ ਤੇਜ਼ ਰਫਤਾਰ ਨਾਲ ਅੱਗੇ ਵਧ ਰਿਹਾ ਹੈ। ਨਵੀਂ ਵਿਵਸਥਾ ਦੇ ਅਨੁਸਾਰ ਭਾਰਤ ਦੀਆਂ ਸਿਵਿਲ ਸੇਵਾਵਾਂ ਨੂੰ ਵੀ ਲਗਾਤਾਰ ਅਪਡੇਟ ਕੀਤਾ ਗਿਆ ਹੈ। ਇਸੇ ਕੜੀ ਵਿੱਚ 2-8 ਅਪ੍ਰੈਲ ਤੱਕ 'ਕਰਮਯੋਗੀ ਸਾਧਨਾ ਹਫ਼ਤਾ' ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕ ਸੇਵਕਾਂ ਨੂੰ ਸ਼ਾਸਨ ਦੇ ਮੂਲ ਮੰਤਰ— ਨਾਗਰਿਕ ਦੇਵੋ ਭਵ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਆਮ ਆਦਮੀ ਦੇ ਲਈ ਸਥਾਨਕ ਦਫ਼ਤਰ ਹੀ ਹੁੰਦਾ ਹੈ ਸਰਕਾਰ ਦਾ ਚਿਹਰਾ ......

## ਪ੍ਰਧਾਨ ਮੰਤਰੀ ਮੋਦੀ ਦਾ ਲੋਕ ਸੇਵਕਾਂ ਨੂੰ ਮੰਤਰ

- ਸਾਡੀ ਗਵਰਨੈਂਸ ਅਜਿਹੀ ਹੋਣੀ ਚਾਹੀਦੀ ਹੈ ਕਿ ਦੇਸ਼ ਦੇ ਨਾਗਰਿਕਾਂ ਦੀ 'ਈਜ਼ ਆਫ ਲਿਵਿੰਗ' ਅਤੇ ਕੁਆਲਿਟੀ ਆਫ ਲਾਈਫ ਦਿਨੋਂ-ਦਿਨ ਬਿਹਤਰ ਹੋਣੀ ਚਾਹੀਦੀ ਹੈ।
- ਹਰ ਦਿਨ ਕੁਝ ਨਵਾਂ ਸਿੱਖਣ ਦੀ ਜ਼ਰੂਰਤ ਹੈ, ਤੁਹਾਨੂੰ ਕਰਮਯੋਗੀ ਦੀ ਭਾਵਨਾ ਵਿੱਚ ਖੁਦ ਨੂੰ ਢਾਲਣ ਦੀ ਜ਼ਰੂਰਤ ਹੈ।
- ਪ੍ਰਸ਼ਾਸਨਿਕ ਸੇਵਾਵਾਂ ਵਿੱਚ ਸੁਧਾਰ ਅਤੇ ਬਦਲਾਅ ਦਾ ਮਤਲਬ-ਪਬਲਿਕ ਸਰਵੈਂਟ ਦੇ ਵਿਵਹਾਰ ਵਿੱਚ ਬਦਲਾਅ।
- ਸਫ਼ਲਤਾ ਦਾ ਇੱਕ ਵੱਡਾ ਸਿਧਾਂਤ- ਦੂਜਿਆਂ ਦੀ ਲਕੀਰ ਛੋਟੀ ਕਰਨ ਦੀ ਬਜਾਏ, ਆਪਣੀ ਲਕੀਰ ਵੱਡੀ ਕਰੋ। ਪੁਰਾਣੀ ਵਿਵਸਥਾ ਵਿੱਚ ਜ਼ੋਰ ਅਧਿਕਾਰੀ ਹੋਣ 'ਤੇ ਜ਼ਿਆਦਾ ਹੁੰਦਾ ਸੀ, ਅੱਜ ਕਰਤੱਵ ਦੀ ਭਾਵਨਾ 'ਤੇ ਜ਼ਿਆਦਾ ਹੈ।
- ਅਹੁਦੇ ਦਾ ਨਹੀਂ, ਕੰਮ ਦਾ ਮਹੱਤਵ ਵਧਣਾ ਚਾਹੀਦਾ ਹੈ। ਹਰ ਫੈਸਲੇ ਤੋਂ ਪਹਿਲਾਂ , ਸੋਚੋ ਕਿ ਤੁਹਾਡੀ ਡਿਊਟੀ ਕੀ ਕਹਿੰਦੀ ਹੈ— ਫੈਸਲੇ ਦਾ ਇੰਪੈਕਟ ਕਈ ਗੁਣਾ ਵਧ ਜਾਵੇਗਾ।
- ਯਤਨਾਂ ਨੂੰ ਵੱਡੇ ਕੈਨਵਸ 'ਤੇ ਦੇਖੋ— 2047, ਵਿਕਸਿਤ ਭਾਰਤ, ਇਹੀ ਸਾਡਾ ਟੀਚਾ ਹੈ। ਸੋਚੋ -ਜੋ ਕੰਮ ਕਰ ਰਹੇ ਹੋ, ਇਸ ਦਾ ਅਸਰ ਦੇਸ਼ ਦੀ ਵਿਕਾਸ ਯਾਤਰਾ 'ਤੇ ਕੀ ਹੋਵੇਗਾ?
- ਸਾਡਾ ਇੱਕ ਵਿਅਤੀਗਤ ਟ੍ਰਾਂਸਫਾਰਮੇਸ਼ਨ ਕਿਵੇਂ ਸੰਸਥਾਗਤ ਟ੍ਰਾਂਸਫਾਰਮੇਸ਼ਨ ਬਣ ਸਕਦਾ ਹੈ।
- ਅਜਿਹਾ ਕਰਨ ਦੇ ਲਈ ਬਹੁਤ ਊਰਜਾ ਚਾਹੀਦੀ ਹੁੰਦੀ ਹੈ, ਇਹ ਊਰਜਾ ਸਿਰਫ਼ 'ਸੇਵਾ ਭਾਵਨਾ' ਨਾਲ ਮਿਲ ਸਕਦੀ ਹੈ।

## ਬਿਹਤਰ ਪ੍ਰਸ਼ਾਸਨ ਦੇ ਲਈ ਤਕਨੀਕ

- ਜਦੋਂ ਅਸੀਂ ਲਰਨਿੰਗ ਦੀ ਗੱਲ ਕਰਦੇ ਹਾਂ, ਤਾਂ ਅੱਜ ਦੇ ਸੰਦਰਭ ਵਿੱਚ ਤਕਨਾਲੋਜੀ ਦਾ ਮਹੱਤਵ ਬਹੁਤ ਵੱਧ ਜਾਂਦਾ ਹੈ।
- ਪਿਛਲੇ 11 ਵਰ੍ਹਿਆਂ ਵਿੱਚ ਸਰਕਾਰੀ ਅਤੇ ਪ੍ਰਸ਼ਾਸਨਿਕ ਕੰਮਾਂ ਵਿੱਚ ਗਵਰਨੈਂਸ ਅਤੇ ਡਿਲੀਵਰੀ ਤੋਂ ਲੈ ਕੇ ਇਕੌਨਮੀ ਤੱਕ, ਤਕਨੀਕੀ ਕ੍ਰਾਂਤੀ ਦੀ ਤਾਕਤ ਦੇਖੀ ਗਈ ਹੈ।
- ਹੁਣ ਏਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਦੀ ਦਸਤਕ ਤੋਂ ਬਾਅਦ ਇਹ ਬਦਲਾਅ ਹੋਰ ਵੀ ਤੇਜ਼ ਹੋਣ ਵਾਲਾ ਹੈ। ਇਸ ਲਈ, ਤਕਨਾਲੋਜੀ ਨੂੰ ਸਮਝਣਾ ਅਤੇ ਉਸ ਦੀ ਸਹੀ ਵਰਤੋਂ ਕਰਨਾ, ਇਹ ਪਬਲਿਕ ਸਰਵਿਸ ਦਾ ਇੱਕ ਜ਼ਰੂਰੀ ਹਿੱਸਾ ਬਣ ਚੁੱਕਿਆ ਹੈ।
- ਹੁਣ ਬਿਹਤਰ ਐਡਮਿਨਿਸਟ੍ਰੇਸ਼ਨ, ਬਿਹਤਰ ਪਬਲਿਕ ਸਰਵੈਂਟ ਉਹੀ ਹੋਵੇਗਾ, ਜਿਸ ਨੂੰ ਤਕਨਾਲੋਜੀ ਅਤੇ ਡੇਟਾ ਦੀ ਸਮਝ ਹੋਵੇਗੀ।
- ਇਹੀ ਤੁਹਾਡੇ ਡਿਸੀਜ਼ਨ ਮੇਕਿੰਗ (Decision making) ਦਾ ਅਧਾਰ ਬਣੇਗਾ। ਇਸ ਲਈ ਏਆਈ ਦੇ ਖੇਤਰ ਵਿੱਚ ਸਮਰੱਥਾ ਨਿਰਮਾਣ ਅਤੇ ਲਗਾਤਾਰ ਲਰਨਿੰਗ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।




ਸੀ, ਉਹ ਲੋਕ ਤੁਹਾਡੇ ਬਾਰੇ ਵਿੱਚ ਕੀ ਸੋਚਦੇ ਹਨ? ਇਸ ਲਈ ਤੁਹਾਨੂੰ ਇਹ ਹਮੇਸ਼ਾ ਯਾਦ ਰੱਖਣਾ ਹੈ-ਸੁਸ਼ਾਸਨ ਦੀ ਕੁੰਜੀ ਹੈ।

### ਸੰਕਲਪਾਂ ਦਾ ਦਿਵਸ ਹੈ ਸਿਵਿਲ ਸਰਵਿਸ ਡੇਅ

ਸਿਵਿਲ ਸਰਵਿਸ ਡੇਅ ਸਿਰਫ਼ ਸਲਾਨਾ ਪਰੰਪਰਾ ਨਹੀਂ ਸਗੋਂ ਇਹ ਦਿਵਸ ਸੰਕਲਪਾਂ ਦਾ ਸਮਾਂ ਹੈ। ਇਹ ਦਿਨ ਫੈਸਲਿਆਂ ਨੂੰ ਨਿਰਧਾਰਿਤ ਸਮੇਂ ਵਿੱਚ ਲਾਗੂ ਕਰਨ ਦਾ ਉਤਸ਼ਾਹ ਅਤੇ ਊਰਜਾ ਭਰਨ ਦਾ ਮੌਕਾ ਹੈ। ਪ੍ਰਧਾਨ ਮੰਤਰੀ ਦਾ ਮੰਨਣਾ ਹੈ ਕਿ ਇਸ ਮੌਕੇ ਨਾਲ ਇੱਕ ਨਵੀਂ ਊਰਜਾ, ਨਵੀਂ ਪ੍ਰੇਰਣਾ, ਨਵੀਂ ਸ਼ਕਤੀ, ਨਵੀਂ ਸਮਰੱਥਾ, ਨਵਾਂ ਸੰਕਲਪ ਲੈ ਕੇ ਚਲਣਗੇ, ਤਾਂ ਜਿਨ੍ਹਾਂ ਸਿੱਧੀਆਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ ਉਨ੍ਹਾਂ ਸਿੱਧੀਆਂ ਨੂੰ ਅਸੀਂ ਖੁਦ ਛੂਹ ਕੇ ਦੇਖਾਂਗੇ। ਉਨ੍ਹਾਂ ਦਾ ਕਹਿਣਾ ਹੈ ਕਿ ਸਮਰੱਥਾ ਨਿਰਮਾਣ ਹਰ ਪਲ ਸਾਡੀ ਕੋਸ਼ਿਸ਼ ਰਹਿਣੀ ਚਾਹੀਦੀ ਹੈ ਖੁਦ ਦੇ ਲਈ ਵੀ, ਸਾਥੀਆਂ ਦੇ ਲਈ ਵੀ ਅਤੇ ਵਿਵਸਥਾ ਦੇ ਲਈ ਵੀ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



# ਲਾਲ ਗਲਿਆਰੇ ਤੋਂ ਹਰਿਤ ਵਿਕਾਸ ਖੇਤਰ ਤੱਕ
# ਨਕਸਲ ਮੁਕਤ ਭਾਰਤ
## ਦੀ ਨਵੀਂ ਕਹਾਣੀ



ਭਾਰਤ ਨਕਸਲਵਾਦ ਅਤੇ ਮਾਓਵਾਦੀ ਹਿੰਸਾ ਦੇ ਵਿਰੁੱਧ ਨਿਰਣਾਇਕ ਦੌਰ ਨੂੰ ਪਾਰ ਕਰ ਚੁੱਕਿਆ ਹੈ। ਪਿਛਲੇ 12 ਵਰ੍ਹਿਆਂ ਵਿੱਚ ਰਾਸ਼ਟਰੀ ਸੁਰੱਖਿਆ ਦੇ ਖੇਤਰ ਵਿੱਚ ਇਹ ਇੱਕ ਵੱਡੀ ਅਤੇ ਮਹੱਤਵਪੂਰਨ ਸਫ਼ਲਤਾ ਦੇ ਰੂਪ ਵਿੱਚ ਸਥਾਪਿਤ ਹੋਇਆ ਹੈ। ਦੇਸ਼ ਨਕਸਲਵਾਦ ਦੀ ਪਕੜ ਤੋਂ ਬਾਹਰ ਆ ਕੇ ਰਾਹਤ ਦਾ ਸਾਹ ਲੈ ਚੁੱਕਿਆ ਹੈ। ਬੰਬ ਅਤੇ ਬੰਦੂਕ ਦੀ ਥਾਂ ਸੰਵਿਧਾਨ ਅਤੇ ਕਾਨੂੰਨ ਦੀ ਤਾਕਤ ਦੀ ਜਿੱਤ ਹੋਈ ਹੈ। ਕਦੇ ਜੋ ਇਲਾਕੇ 'ਰੈੱਡ ਕੌਰੀਡੋਰ' ਕਹਾਉਂਦੇ ਸਨ, ਉਹ ਹੁਣ ਵਿਕਾਸ ਅਤੇ 'ਗ੍ਰੀਨ ਗ੍ਰੋਥ' ਦੇ ਕੇਂਦਰ ਬਣ ਚੁੱਕੇ ਹਨ। ਡਰ ਅਤੇ ਹਨ੍ਹੇਰੇ 'ਤੇ ਵਿਕਾਸ ਦਾ ਉਦੈ ਹੋਇਆ ਹੈ। ਦਹਾਕਿਆਂ ਪੁਰਾਣੀ ਇਸ ਸਮੱਸਿਆ ਨੂੰ ਸਮਾਂਬੱਧ ਤਰੀਕੇ ਨਾਲ ਖ਼ਤਮ ਕਰਦੇ ਹੋਏ 31 ਮਾਰਚ 2026 ਨੂੰ 'ਨਕਸਲ ਮੁਕਤ ਭਾਰਤ' ਦਾ ਸੰਕਲਪ ਇੱਕ ਇਤਿਹਾਸਿਕ ਉਪਲਬਧੀ ਵਿੱਚ ਬਦਲ ਚੁੱਕਿਆ ਹੈ, ਜੋ ਦੇਸ਼ ਲਈ ਬਣਿਆ ਮਾਣ ਦਾ ਪਲ .......

"ਜਿੱਥੇ ਕਦੇ ਗੋਲੀਆਂ ਦੀ ਗੂੰਜ ਸੀ, ਉੱਥੇ ਹੁਣ ਵਿਕਾਸ ਦੇ ਗੀਤ ਹਨ।
ਜਿੱਥੇ ਖੌਫ਼ ਦੀਆਂ ਰਾਤਾਂ ਸਨ, ਉੱਥੇ ਹੁਣ ਉਮੀਦ ਦੀਆਂ ਕਿਰਨਾਂ ਹਨ।
ਜਿੱਥੇ ਜੰਗਲਾਂ ਵਿੱਚ ਸੰਨਾਟਾ ਸੀ, ਉੱਥੇ ਅੱਜ ਜੀਵਨ ਮੁਸਕਰਾ ਰਿਹਾ ਹੈ।
ਭਾਰਤ ਅੱਜ ਆਪਣੇ ਸਾਹਸ ਅਤੇ ਸੰਕਲਪ ਨਾਲ ਨਵਾਂ ਇਤਿਹਾਸ ਰਚ ਰਿਹਾ ਹੈ।

30 ਮਾਰਚ 2026 ਨੂੰ ਸੰਸਦ ਵਿੱਚ ਗੂੰਜੀਆਂ ਇਹ ਸਤਰਾਂ ਭਾਰਤ ਵਿੱਚ ਨਕਸਲਵਾਦ ਦੇ ਖ਼ਾਤਮੇ ਅਤੇ ਨਕਸਲ ਪ੍ਰਭਾਵਿਤ ਖੇਤਰਾਂ ਵਿੱਚ ਬਦਲਾਅ ਦੀ ਕਾਵਿਕ ਪੇਸ਼ਕਾਰੀ ਹੈ। ਜਿੱਥੇ ਕਦੇ ਬੰਦੂਕਾਂ ਸਨ, ਉੱਥੇ ਅੱਜ ਰੁਜ਼ਗਾਰ ਹੈ, ਜਿੱਥੇ ਡਰ ਅਤੇ ਹਨ੍ਹੇਰਾ ਸੀ, ਉੱਥੇ ਅੱਜ ਵਿਕਾਸ ਦਾ ਉਦੈ ਹੋ ਰਿਹਾ ਹੈ। ਇਹ ਵਿਕਾਸ, ਸੁਰੱਖਿਆ ਅਤੇ ਉਮੀਦਾਂ ਨਾਲ ਭਰੇ ਇੱਕ ਨਵੇਂ ਯੁੱਗ ਦਾ ਵਰਣਨ ਹੈ, ਜਿੱਥੇ ਹਿੰਸਾ ਦੀ ਥਾਂ ਤਰੱਕੀ ਨੇ ਲੈ ਲਈ ਹੈ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਜਦੋਂ ਨੀਤੀ, ਨੀਅਤ ਅਤੇ ਲੀਡਰਸ਼ਿਪ ਇਕੱਠੇ ਹੋ ਕੇ ਕੰਮ ਕਰਦੇ ਹਨ, ਤਾਂ ਅਸੰਭਵ ਵੀ ਸੰਭਵ ਹੋ ਜਾਂਦਾ ਹੈ।



ਅਕਸਰ ਕੁਝ ਤਾਰੀਖਾਂ ਅਤੇ ਕੁਝ ਪਲ ਅਜਿਹੇ ਹੁੰਦੇ ਹਨ, ਜੋ ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੋ ਜਾਂਦੇ ਹਨ। ਅਜਿਹੀ ਹੀ ਇੱਕ ਤਾਰੀਖ ਬਣੀ ਹੈ 31 ਮਾਰਚ 2026 ਦੀ। ਹੁਣ ਤੱਕ 31 ਮਾਰਚ ਨੂੰ ਵਿੱਤੀ ਵਰ੍ਹੇ ਦੀ ਸਮਾਪਤੀ ਦੇ ਆਖਰੀ ਦਿਨ ਤਾਂ ਦੁਨੀਆ ਦੇ ਸੰਦਰਭ ਵਿੱਚ ਆਈਫਲ ਟਾਵਰ ਦੇ ਉਦਘਾਟਨ ਅਤੇ ਅਮਰੀਕਾ ਵਿੱਚ ਪਹਿਲੀ ਵਾਰ ਅਸ਼ਵੇਤ ਵਿਅਕਤੀ ਨੂੰ ਵੋਟ ਪਾਉਣ ਦੇ ਅਧਿਕਾਰ ਲਈ ਯਾਦ ਕੀਤਾ ਜਾਂਦਾ ਸੀ। ਪਰ ਹੁਣ ਇਹ ਤਾਰੀਖ ਨਕਸਲ ਮੁਕਤ ਭਾਰਤ ਦੇ ਐਲਾਨ ਅਤੇ ਸਮਾਜਿਕ-ਆਰਥਿਕ ਵਿਕਾਸ ਦੇ ਪ੍ਰਤੀਕ ਦੇ ਤੌਰ 'ਤੇ ਵੀ ਯਾਦ ਕੀਤੀ ਜਾਵੇਗੀ। ਭਾਰਤ ਦੇ ਨਕਸਲ ਮੁਕਤ ਹੋਣ ਦੀ ਨਿਰਧਾਰਿਤ ਤਾਰੀਖ 31 ਮਾਰਚ ਤੋਂ ਠੀਕ ਇੱਕ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕਤੰਤਰ ਦੇ ਸਰਵਉੱਚ ਮੰਦਿਰ ਤੋਂ ਇਸ ਸੰਕਲਪ ਦੀ ਸਿੱਧੀ ਦਾ ਐਲਾਨ ਕੀਤਾ। ਇਸ ਦੇ ਨਾਲ ਹੀ, ਜੋ ਖੇਤਰ ਲਾਲ ਅੱਤਵਾਦ ਦੇ ਕਾਰਨ ਵਿਕਾਸ ਤੋਂ ਦੂਰ ਰਹਿ ਗਏ ਸਨ, ਉਹ ਹੁਣ ਵਿਕਾਸ ਦੀ ਨਵੀਂ ਯਾਤਰਾ ਦੀ ਸ਼ੁਰੂਆਤ ਦੇ ਗਵਾਹ ਬਣਨਗੇ। ਕਈ ਦਹਾਕਿਆਂ ਪੁਰਾਣੀ ਨਕਸਲ ਸਮੱਸਿਆ ਇੱਕ ਹਿੰਸਕ ਵਿਚਾਰਧਾਰਾ ਸੀ, ਜਿਸ ਨੇ ਆਦਿਵਾਸੀ ਖੇਤਰਾਂ ਵਿੱਚ ਵਿਕਾਸ ਨੂੰ ਰੋਕ ਕੇ ਰੱਖਿਆ ਹੋਇਆ ਸੀ। ਹਿੰਸਾ

ਨੂੰ ਹੁਲਾਰਾ ਦਿੱਤਾ ਸੀ। ਕੇਂਦਰ ਸਰਕਾਰ ਦੀ ਸਖ਼ਤ ਅਤੇ ਸਪਸ਼ਟ ਨੀਤੀ ਨੇ ਇਸ ਸਮੱਸਿਆ ਦਾ ਅੰਤ ਕਰ ਦਿੱਤਾ। 31 ਮਾਰਚ 2026 ਇਤਿਹਾਸ ਦੀ ਇੱਕ ਅਜਿਹੀ ਤਾਰੀਖ ਬਣ ਗਈ ਹੈ, ਜਿਸ ਨੂੰ ਦਹਾਕਿਆਂ ਪੁਰਾਣੀ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕਰਨ ਦੇ ਲਈ ਸਦੀਆਂ ਤੱਕ ਯਾਦ ਕੀਤਾ ਜਾਵੇਗਾ। ਕੇਂਦਰ ਸਰਕਾਰ ਨੇ ਬਹੁਆਯਾਮੀ ਰਣਨੀਤੀ ਦੇ ਤਹਿਤ ਮਜ਼ਬੂਤ ਸੁਰੱਖਿਆ ਅਭਿਆਨ, ਤੇਜ਼ ਵਿਕਾਸ ਕਾਰਜ ਅਤੇ ਸੰਵੇਦਨਸ਼ੀਲ ਸਮਰਪਣ ਦੀ ਨੀਤੀ 'ਤੇ ਕੰਮ ਕੀਤਾ। ਸਰਕਾਰ ਦੇ ਇਨ੍ਹਾਂ ਯਤਨਾਂ ਨੇ ਨਕਸਲੀ ਢਾਂਚੇ ਅਤੇ ਕੈਡਰ ਨੂੰ ਖ਼ਤਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਦਰਅਸਲ, ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਦੀ ਕਮਾਨ ਸੰਭਾਲੀ ਤਦ ਦੇਸ਼ ਦੀ ਅੰਦਰੂਨੀ ਸੁਰੱਖਿਆ ਤਿੰਨ ਵੱਡੇ ਸੰਵੇਦਨਸ਼ੀਲ ਖੇਤਰਾਂ—ਜੰਮੂ-ਕਸ਼ਮੀਰ, ਉੱਤਰ-ਪੂਰਬ ਅਤੇ ਵਾਮਪੰਥੀ ਅੱਤਵਾਦ ਪ੍ਰਭਾਵਿਤ ਕੌਰੀਡੋਰ ਤੋਂ ਗੰਭੀਰ ਤੌਰ 'ਤੇ ਪ੍ਰਭਾਵਿਤ ਸੀ। ਲਗਭਗ 4-5 ਦਹਾਕਿਆਂ ਵਿੱਚ ਹਜ਼ਾਰਾਂ ਲੋਕ ਇਨ੍ਹਾਂ ਤਿੰਨਾਂ ਥਾਵਾਂ 'ਤੇ ਵਧੀ ਅਤੇ ਫੈਲੀ ਅਸ਼ਾਂਤੀ ਦੇ ਕਾਰਨ ਆਪਣੀ ਜਾਨ ਗੁਆ ਚੁੱਕੇ ਸਨ ਅਤੇ ਸੰਪਤੀ ਦਾ ਵੀ ਬਹੁਤ ਨੁਕਸਾਨ ਹੋਇਆ ਸੀ। ਦੇਸ਼ ਦੇ ਬਜਟ ਦਾ ਬਹੁਤ ਵੱਡਾ ਹਿੱਸਾ ਗਰੀਬਾਂ ਦੇ ਵਿਕਾਸ ਦੀ ਜਗ੍ਹਾ ਇਨ੍ਹਾਂ ਹੌਟਸਪਾਟਾਂ ਨੂੰ ਸੰਭਾਲਣ ਵਿੱਚ ਖਰਚ ਹੁੰਦਾ ਸੀ। ਸੁਰੱਖਿਆ ਬਲਾਂ ਨੂੰ ਵੀ ਜਾਨੀ ਨੁਕਸਾਨ ਝੱਲਣਾ ਪੈਂਦਾ ਸੀ, ਪਰ 2014 ਤੋਂ ਬਾਅਦ ਇਨ੍ਹਾਂ ਤਿੰਨਾਂ ਹੌਟਸਪਾਟਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ । ਸਪਸ਼ਟ ਦੀਰਘਕਾਲੀ ਰਣਨੀਤੀ ਦੇ ਅਧਾਰ 'ਤੇ ਕੰਮ ਹੋਇਆ।

**ਨਕਸਲਵਾਦ ਦੀ ਸ਼ੁਰੂਆਤ ਅਤੇ ਰੈੱਡ ਕੌਰੀਡੋਰ**

ਨਕਸਲਵਾਦ ਦੀ ਸ਼ੁਰੂਆਤ 1967 ਵਿੱਚ ਪੱਛਮੀ ਬੰਗਾਲ ਦੇ ਨਕਸਲਬਾੜੀ ਅੰਦੋਲਨ ਨਾਲ ਹੋਈ। ਇਹ 'ਲਾਲ ਗਲਿਆਰੇ' ਵਿੱਚ ਫੈਲ ਗਿਆ, ਜਿਸ ਨਾਲ ਛੱਤੀਸਗੜ੍ਹ, ਝਾਰਖੰਡ, ਓਡੀਸ਼ਾ, ਮਹਾਰਾਸ਼ਟਰ, ਕੇਰਲ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਆਂਧਰ ਪ੍ਰਦੇਸ਼ ਅਤੇ ਤੇਲੰਗਾਨਾ ਦੇ ਕੁਝ ਹਿੱਸੇ ਪ੍ਰਭਾਵਿਤ ਹੋਏ। 1971 ਵਿੱਚ ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਵੱਧ 3,620 ਹਿੰਸਕ ਘਟਨਾਵਾਂ ਹੋਈਆਂ। ਇਸ ਤੋਂ ਬਾਅਦ 80 ਦੇ ਦਹਾਕੇ ਵਿੱਚ ਪੀਪਲਜ਼ ਵਾਰ ਗਰੁੱਪ ਨੇ ਇਨ੍ਹਾਂ ਰਾਜਾਂ ਵਿੱਚ ਆਪਣਾ ਹੋਰ ਵਿਸਤਾਰ ਕੀਤਾ। ਇਸ ਦਹਾਕੇ ਤੋਂ ਬਾਅਦ ਵਾਮਪੰਥੀ ਗਰੁੱਪਾਂ ਨੇ ਇੱਕ ਦੂਜੇ ਵਿੱਚ ਵਿਲੀਨ ਹੋਣ ਦੀ ਸ਼ੁਰੂਆਤ ਕੀਤੀ ਅਤੇ 2004 ਵਿੱਚ ਪ੍ਰਮੁੱਖ ਸੀਪੀਆਈ (ਮਾਓਵਾਦੀ) ਗਰੁੱਪ ਦਾ ਗਠਨ ਹੋਇਆ। ਨਕਸਲੀ ਹਿੰਸਾ ਨੇ ਗੰਭੀਰ ਰੂਪ ਧਾਰਨ ਕਰ ਲਿਆ। ਪਸ਼ੂਪਤੀ ਤੋਂ ਤਿਰੁਪਤੀ ਕੌਰੀਡੋਰ ਨੂੰ ਰੈੱਡ ਕੌਰੀਡੋਰ ਦੇ ਰੂਪ ਵਿੱਚ ਜਾਣਿਆ ਜਾਂਦਾ ਸੀ । ਦੇਸ਼ ਦੇ ਭੂ-ਭਾਗ ਦਾ 17% ਹਿੱਸਾ ਰੈੱਡ ਕੌਰੀਡੋਰ ਵਿੱਚ ਸ਼ਾਮਲ ਸੀ ਅਤੇ ਇਸ ਸਮੱਸਿਆ ਨਾਲ 12 ਕਰੋੜ ਦੀ ਆਬਾਦੀ ਪ੍ਰਭਾਵਿਤ ਸੀ, ਜੋ ਵਰ੍ਹਿਆਂ ਤੱਕ ਗ਼ਰੀਬੀ ਵਿੱਚ ਜੀਵਨ ਬਿਤਾਉਣ ਲਈ ਮਜ਼ਬੂਰ ਹੋਏ। ਉਸ ਸਮੇਂ ਦੀ ਆਬਾਦੀ ਦਾ ਲਗਭਗ 10% ਹਿੱਸਾ ਨਕਸਲਵਾਦ ਦਾ ਸੰਤਾਪ ਝੱਲ ਕੇ ਆਪਣਾ ਜੀਵਨ ਬਿਤਾ ਰਿਹਾ ਸੀ। ਇਸ ਦੀ ਤੁਲਨਾ ਵਿੱਚ ਦੋ ਹੌਟਸਪਾਟ -ਕਸ਼ਮੀਰ ਵਿੱਚ 1% ਭੂ-ਭਾਗ ਅੱਤਵਾਦ ਅਤੇ ਉੱਤਰ-ਪੂਰਬ ਵਿੱਚ ਦੇਸ਼ ਦਾ 3.3% ਭੂ-ਭਾਗ ਅਸ਼ਾਂਤੀ ਨਾਲ ਪ੍ਰਭਾਵਿਤ ਸੀ। ਅਜਿਹੇ ਵਿੱਚ 2014 ਤੋਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਸੰਵਾਦ, ਸੁਰੱਖਿਆ ਅਤੇ



ਇਹ ਸੱਚ ਹੈ ਕਿ ਮਾਓਵਾਦੀ ਹਿੰਸਾ ਨੇ ਮੱਧ ਅਤੇ ਪੂਰਬੀ ਭਾਰਤ ਦੇ ਕਈ ਜ਼ਿਲ੍ਹਿਆਂ ਦੀ ਪ੍ਰਗਤੀ ਨੂੰ ਰੋਕ ਦਿੱਤਾ ਸੀ। ਇਸ ਲਈ 2015 ਵਿੱਚ ਸਾਡੀ ਸਰਕਾਰ ਨੇ ਮਾਓਵਾਦੀ ਹਿੰਸਾ ਨੂੰ ਖ਼ਤਮ ਕਰਨ ਦੇ ਲਈ ਇੱਕ ਵਿਆਪਕ 'ਰਾਸ਼ਟਰੀ ਨੀਤੀ ਅਤੇ ਕਾਰਜ ਯੋਜਨਾ' ਤਿਆਰ ਕੀਤੀ। ਹਿੰਸਾ ਦੇ ਪ੍ਰਤੀ ਜ਼ੀਰੋ ਟੌਲਰੈਂਸ ਦੇ ਨਾਲ-ਨਾਲ, ਅਸੀਂ ਇਨ੍ਹਾਂ ਖੇਤਰਾਂ ਵਿੱਚ ਗ਼ਰੀਬ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦੇ ਲਈ ਬੁਨਿਆਦੀ ਢਾਂਚੇ ਅਤੇ ਸਮਾਜਿਕ ਸਸ਼ਕਤੀਕਰਣ ਨੂੰ ਵੀ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ।

— ਨਰੇਂਦਰ ਮੋਦੀ, ਪ੍ਰਧਾਨ ਮੰਤਰੀ



# ਲਾਲ ਗਲਿਆਰੇ ਤੋਂ ਨਕਸਲ-ਮੁਕਤ ਭਾਰਤ ਤੱਕ (2014-2026)

ਕੇਂਦਰ ਸਰਕਾਰ ਦੀ ਸੁਰੱਖਿਆ ਕੇਂਦ੍ਰਿਤ ਰਣਨੀਤੀ, ਇਨਫ੍ਰਾਸਟ੍ਰਕਚਰ, ਨਕਸਲ ਫਾਈਨੈਂਸ਼ੀਅਲ ਨੈੱਟਵਰਕ 'ਤੇ ਹਮਲਾ ਅਤੇ ਆਤਮ-ਸਮਰਪਣ ਨੀਤੀ ਦੇ ਸਕਾਰਾਤਮਕ ਨਤੀਜੇ ਆਏ। ਵਾਮਪੰਥੀ ਅੱਤਵਾਦ (ਐੱਲਡਬਲਿਊਈ), ਜਿਸ ਨੂੰ ਨਕਸਲਵਾਦ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਭਾਰਤ ਦੀ ਸਭ ਤੋਂ ਗੰਭੀਰ ਅੰਦਰੂਨੀ ਸੁਰੱਖਿਆ ਚੁਣੌਤੀਆਂ ਵਿੱਚੋਂ ਇੱਕ ਸੀ। ਇਨ੍ਹਾਂ ਚੁਣੌਤੀਆਂ ਨੂੰ ਕੇਂਦਰ ਅਤੇ ਪ੍ਰਭਾਵਿਤ ਰਾਜ ਸਰਕਾਰਾਂ ਦੀ ਮਦਦ ਨਾਲ ਨਕਸਲ ਮੁਕਤ ਐਲਾਨ ਕਰ ਦਿੱਤਾ ਗਿਆ ਹੈ। ਨਕਸਲਵਾਦ ਤੋਂ ਮੁਕਤੀ ਦੇ ਲਈ ਕੀਤੇ ਗਏ ਯਤਨ....

## ਰਾਸ਼ਟਰੀ ਨੀਤੀ ਅਤੇ ਕਾਰਜ ਯੋਜਨਾ-2025

- ਨਕਸਲਵਾਦ ਦੀ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕਰਨ ਦੇ ਲਈ 2015 ਵਿੱਚ ਐੱਲਡਬਲਿਊਈ ਨਾਲ ਨਜਿੱਠਣ ਦੇ ਲਈ ਰਾਸ਼ਟਰੀ ਨੀਤੀ ਅਤੇ ਕਾਰਜ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਵਿੱਚ ਸੁਰੱਖਿਆ ਨਾਲ ਜੁੜੇ ਉਪਾਵਾਂ, ਵਿਕਾਸ ਕਾਰਜਾਂ, ਸਥਾਨਕ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਹੱਕਾਂ ਨੂੰ ਯਕੀਨੀ ਬਣਾਉਣ ਜਿਹੀਆਂ ਕਈ ਰਣਨੀਤੀਆਂ 'ਤੇ ਕੰਮ ਕੀਤਾ।
- ਐੱਲਡਬਲਿਊਈ ਪ੍ਰਭਾਵਿਤ ਰਾਜਾਂ ਵਿੱਚ ਕੇਂਦਰ ਸਰਕਾਰ ਵੱਲੋਂ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀ ਤੈਨਾਤੀ, ਇੰਡੀਆ ਰਿਜ਼ਰਵ ਬਟਾਲੀਅਨ ਦੀ ਸਥਾਪਨਾ, ਹੈਲੀਕੌਪਟਰ ਸਹਾਇਤਾ, ਪੁਲਿਸ ਟ੍ਰੇਨਿੰਗ ਅਤੇ ਆਧੁਨਿਕੀਕਰਣ, ਜ਼ਰੂਰੀ ਫੰਡ, ਹਥਿਆਰ ਅਤੇ ਉਪਕਰਣ ਉਪਲਬਧ ਕਰਵਾਉਣ ਦੇ ਨਾਲ-ਨਾਲ ਖੁਫੀਆ ਜਾਣਕਾਰੀ ਸਾਂਝੀ ਕਰਨ ਅਤ ਕਿਲ੍ਹੇਬੰਦ ਪੁਲਿਸ ਸਟੇਸ਼ਨਾਂ ਦਾ ਨਿਰਮਾਣ।

**₹ 3681.73**

ਕਰੋੜ ਰੁਪਏ ਰਾਜਾਂ ਦੀ ਸਮਰੱਥਾ ਨਿਰਮਾਣ ਦੇ ਲਈ 2014-15 ਤੋਂ, ਸੁਰੱਖਿਆ ਸਬੰਧੀ ਖਰਚਾ ਐੱਸਆਰਈ ਯੋਜਨਾ ਦੇ ਤਹਿਤ ਐੱਲਡਬਲਿਊਈ (LWE) ਪ੍ਰਭਾਵਿਤ ਰਾਜਾਂ ਨੂੰ ਆਤਮ-ਸਮਰਪਣ ਕਰਨ ਵਾਲੇ ਐੱਲਡਬਲਿਊਈ ਕੈਡਰ ਦੇ ਪੁਨਰਵਾਸ, ਐੱਲਡਬਲਿਊਈ ਹਿੰਸਾ ਵਿੱਚ ਸ਼ਹੀਦ ਹੋਏ ਸੁਰੱਖਿਆ ਬਲਾਂ ਦੇ ਜਵਾਨਾਂ ਅਤੇ ਨਾਗਰਿਕਾਂ ਦੇ ਪਰਿਵਾਰਾਂ ਨੂੰ ਅਨੁਗ੍ਰਹਿ ਰਾਸ਼ੀ ਆਦਿ ਦੇ ਲਈ ਜਾਰੀ ਕੀਤੇ ਗਏ।

ਤਾਲਮੇਲ ਦੇ ਤਿੰਨਾਂ ਪਹਿਲੂਆਂ 'ਤੇ ਕੰਮ ਕਰਨ ਦੀ ਸ਼ੁਰੂਆਤ ਕੀਤੀ ਗਈ। ਇਸ ਦਿਸ਼ਾ ਵਿੱਚ 2014-2026 ਦਾ ਇਹ ਸਮਾਂ ਦੇਸ਼ ਦੀ ਅੰਦਰੂਨੀ ਸੁਰੱਖਿਆ ਦੇ ਇਤਿਹਾਸ ਵਿੱਚ ਸੁਨਹਿਰੀ ਕਾਲ ਦੇ ਰੂਪ ਵਿੱਚ ਦਰਜ ਕੀਤਾ ਜਾਵੇਗਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਈ ਮੌਕਿਆਂ 'ਤੇ ਕਿਹਾ ਸੀ ਕਿ "ਅਸੀਂ 31 ਮਾਰਚ, 2026 ਨੂੰ ਪੂਰੇ ਦੇਸ਼ ਨੂੰ ਨਕਸਲੀ ਹਿੰਸਾ ਤੋਂ ਮੁਕਤ ਕਰਨ ਵਿੱਚ ਜ਼ਰੂਰ ਸਫਲ ਹੋਵਾਂਗੇ।" ਇਸੇ ਦਿਸ਼ਾ ਵਿੱਚ ਉੱਤਰ-ਪੂਰਬ (North-East) ਵਿੱਚ ਵੀ 10 ਹਜ਼ਾਰ ਤੋਂ ਵੱਧ ਨੌਜਵਾਨ ਹਥਿਆਰ ਸੁੱਟ ਕੇ ਮੁੱਖ ਧਾਰਾ ਵਿੱਚ ਸ਼ਾਮਲ ਹੋਏ ਹਨ ਅਤੇ 12 ਤੋਂ ਵੱਧ ਸ਼ਾਂਤੀ ਸਮਝੌਤਿਆਂ ਦੇ ਮਾਧਿਅਮ ਨਾਲ ਉੱਤਰ-ਪੂਰਬ ਵਿੱਚ ਸ਼ਾਂਤੀ ਸਥਾਪਿਤ ਕਰਨ ਦਾ ਬਹੁਤ ਵੱਡਾ ਕੰਮ ਹੋਇਆ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਵੀ ਧਾਰਾ 370 ਦੇ ਬੇਅਸਰ ਹੋਣ ਤੋਂ ਬਾਅਦ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋ ਚੁੱਕੀ ਹੈ।


> "2014 ਤੋਂ ਬਾਅਦ, ਸਾਡੀ ਸਰਕਾਰ ਨੇ ਨਕਸਲੀ-ਮਾਓਵਾਦੀ ਅੱਤਵਾਦ 'ਤੇ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ। ਅਸੀਂ ਸ਼ਹਿਰਾਂ ਵਿੱਚ ਬੈਠੇ ਅਰਬਨ ਨਕਸਲੀਆਂ ਅਤੇ ਅਰਬਨ ਨਕਸਲੀਆਂ ਦੇ ਸਮਰਥਕਾਂ ਨੂੰ ਨਿਸ਼ਾਨਾ ਬਣਾਇਆ, ਅਤੇ ਅਸੀਂ ਵਿਚਾਰਧਾਰਕ ਲੜਾਈਆਂ ਵੀ ਜਿੱਤੀਆਂ ਅਤੇ ਨਕਸਲੀ ਗੜ੍ਹਾਂ ਵਿੱਚ ਉਨ੍ਹਾਂ ਦਾ ਸਾਹਮਣਾ ਕੀਤਾ। ਇਸ ਦਾ ਨਤੀਜਾ ਅੱਜ ਦੇਸ਼ ਦੇ ਸਾਹਮਣੇ ਹੈ।"
>
> — ਨਰੇਂਦਰ ਮੋਦੀ, ਪ੍ਰਧਾਨ ਮੰਤਰੀ




# ਹਿੰਸਾ ਵਿੱਚ ਆਈ ਲਗਾਤਾਰ ਕਮੀ

- 'ਨੈਸ਼ਨਲ ਪਾਲਿਸੀ ਐਂਡ ਐਕਸ਼ਨ ਪਲਾਨ 2015' ਨੂੰ ਲਾਗੂ ਕਰਨ ਨਾਲ ਹਿੰਸਾ ਵਿੱਚ ਭਾਰੀ ਕਮੀ ਆਈ ਹੈ। ਐੱਲਡਬਲਿਊਈ (LWE) ਜੋ ਦੇਸ਼ ਦੀ ਅੰਦਰੂਨੀ ਸੁਰੱਖਿਆ ਦੇ ਲਈ ਇੱਕ ਗੰਭੀਰ ਚੁਣੌਤੀ ਰਹੀ, ਉਸ 'ਤੇ ਕਾਬੂ ਪਾ ਲਿਆ ਗਿਆ ਹੈ।
- ਐੱਲਡਬਲਿਊਈ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਦੀ ਸੰਖਿਆ 2014 ਵਿੱਚ 126 ਤੋਂ ਘੱਟ ਕੇ ਦਸੰਬਰ 2025 ਵਿੱਚ ਸਿਰਫ਼ 11 ਰਹਿ ਗਈ। ਇਸ 'ਤੇ ਵੀ ਹਮਲਾ ਹੋਇਆ। ਹੁਣ ਕੋਈ ਵੀ ਜ਼ਿਲ੍ਹਾ 'ਬਹੁਤ ਜ਼ਿਆਦਾ ਪ੍ਰਭਾਵਿਤ' ਨਹੀਂ ਹੈ।


ਐੱਲਡਬਲਿਊਈ ਬਹੁਤ ਪ੍ਰਭਾਵਿਤ ਜ਼ਿਲ੍ਹੇ




ਐੱਲਡਬਲਿਊਈ ਦੁਆਰਾ ਕੀਤੀਆਂ ਗਈਆਂ ਹਿੰਸਕ ਘਟਨਾਵਾਂ




ਸੁਰੱਖਿਆ ਬਲਾਂ ਦੀ ਮੌਤ ਵਿੱਚ ਆਈ ਕਮੀ




**ਨਕਸਲੀਆਂ ਦੀ ਮੌਤ**

| ਵਰ੍ਹੇ | ਸੰਖਿਆ |
|---|---|
| 2025 | 364 |

- 1,022 ਨੂੰ ਗ੍ਰਿਫਤਾਰ ਕੀਤਾ ਗਿਆ ਜਦੋਂ ਕਿ 2,337 ਨੇ ਆਤਮ-ਸਮਰਪਣ ਕੀਤਾ।

**ਵਾਮਪੰਥੀ ਅੱਤਵਾਦ ਨਾਲ ਸਬੰਧਿਤ ਹਿੰਸਾ ਦੀ ਰਿਪੋਰਟ ਕਰਨ ਵਾਲੇ ਪੁਲਿਸ ਸਟੇਸ਼ਨ**

| ਵਰ੍ਹੇ | ਪੁਲਿਸ ਸਟੇਸ਼ਨ |
|---|---|
| 2010 | 465 |
| 2025 | 119 |
| 2026 | 60 |

**24** ਨਕਸਲੀਆਂ ਨੇ 23 ਮਈ 2025 ਨੂੰ ਆਤਮ-ਸਮਰਪਣ ਕੀਤਾ।

**258** ਨਕਸਲੀਆਂ ਨੇ ਛੱਤੀਸਗੜ੍ਹ ਅਤੇ ਮਹਾਰਾਸ਼ਟਰ ਵਿੱਚ ਅਕਤੂਬਰ 2025 ਵਿੱਚ ਕੀਤਾ ਸਮਰਪਣ।

**7,409** ਵਾਮਪੰਥੀ ਉਗਰਵਾਦੀ ਗ੍ਰਿਫਤਾਰ ਕੀਤੇ ਗਏ ਵਰ੍ਹੇ 2019 ਤੋਂ 15 ਜਨਵਰੀ, 2026 ਦਰਮਿਆਨ ਜਦੋਂ ਕਿ 5,880 ਨੇ ਆਤਮ-ਸਮਰਪਣ ਕੀਤਾ।

## ਨਕਸਲ ਮੁਕਤ ਤਾਰੀਖ ਤੈਅ ਕਰਨ ਤੋਂ ਬਾਅਦ....

**706**
ਨਕਸਲੀ 2024,2025,2026 ਦੇ ਮਾਰਚ ਤੱਕ ਮੁੱਠਭੇੜ ਵਿੱਚ ਮਾਰੇ ਗਏ।

**2,218**
ਨਕਸਲੀ ਗ੍ਰਿਫਤਾਰ ਹੋਏ।

**4,839**
ਨਕਸਲੀਆਂ ਨੇ ਆਤਮ-ਸਮਰਪਣ ਕੀਤਾ।

## ਲਾਲ ਅੱਤਵਾਦ ਤੋਂ ਮੁਕਤ ਭਾਰਤ

ਰਾਸ਼ਟਰੀ ਸੁਰੱਖਿਆ ਨੂੰ ਲੈ ਕੇ ਪਿਛਲੇ 12 ਵਰ੍ਹਿਆਂ ਵਿੱਚ ਭਾਰਤ ਦੀ ਸਭ ਤੋਂ ਵੱਡੀ ਸਫਲਤਾ—ਨਕਸਲਵਾਦ ਅਤੇ ਮਾਓਵਾਦੀ ਅੱਤਵਾਦ ਦਾ ਲੱਕ ਤੋੜ ਰਹੀ ਹੈ। 2014 ਤੋਂ ਪਹਿਲਾਂ ਸਾਡੇ ਦੇਸ਼ ਵਿੱਚ ਹਾਲਾਤ ਅਜਿਹੇ ਸਨ ਕਿ ਦੇਸ਼ ਦੇ ਵਿਚਕਾਰ ਕਈ ਹਿੱਸਿਆਂ ਵਿੱਚ ਨਕਸਲੀ-ਮਾਓਵਾਦੀ ਆਪਣੀ ਹਕੂਮਤ ਚਲਾਉਂਦੇ ਸਨ। ਨਕਸਲੀ ਖੇਤਰਾਂ ਵਿੱਚ ਦੇਸ਼ ਦਾ ਸੰਵਿਧਾਨ ਨਹੀਂ ਚਲਦਾ ਸੀ । ਪੁਲਿਸ ਪ੍ਰਸ਼ਾਸਨ ਉੱਥੇ ਕੰਮ ਨਹੀਂ ਕਰ ਪਾਉਂਦਾ ਸੀ। ਸ਼ਾਸਨ-ਪ੍ਰਸ਼ਾਸਨ ਉਨ੍ਹਾਂ ਦੇ ਅੱਗੇ ਲਾਚਾਰ ਨਜ਼ਰ ਆਉਂਦਾ ਸੀ। 2014 ਤੋਂ ਪਹਿਲਾਂ ਦੇਸ਼ ਦੇ ਕਰੀਬ ਸਵਾ ਸੌ (125) ਜ਼ਿਲ੍ਹੇ ਮਾਓਵਾਦੀ ਹਿੰਸਾ ਦੀ ਲਪੇਟ ਵਿੱਚ ਸਨ, ਪਰ ਪਿਛਲੇ 12 ਵਰ੍ਹਿਆਂ ਦੀ ਮਿਹਨਤ ਦਾ ਨਤੀਜਾ ਹੈ ਕਿ ਹੁਣ ਦੇਸ਼ ਮਾਓਵਾਦੀ ਅੱਤਵਾਦ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਕੇ ਖੁੱਲ੍ਹੀ ਹਵਾ ਵਿੱਚ



## ਪੁਨਰਵਾਸ ਅਤੇ ਪ੍ਰੋਤਸਾਹਨ ਦਾ ਵੀ ਦਿਖਿਆ ਅਸਰ

- ਪੁਨਰਵਾਸ ਪੈਕੇਜ ਵਿੱਚ, ਹੋਰ ਗੱਲਾਂ ਤੋਂ ਇਲਾਵਾ, ਉੱਚ ਰੈਂਕ ਵਾਲੇ ਐੱਲਡਬਲਿਊਈ(LWE) ਕੈਡਰ ਦੇ ਲਈ 5 ਲੱਖ ਰੁਪਏ ਅਤੇ ਹੋਰ ਐੱਲਡਬਲਿਊਈ ਕੈਡਰ ਦੇ ਲਈ 2.5 ਲੱਖ ਰੁਪਏ ਦੀ ਤਤਕਾਲੀ ਗ੍ਰਾਂਟ ਦੀ ਵਿਵਸਥਾ ਕੀਤੀ ਗਈ।

**₹50,000**

ਰੁਪਏ ਦੀ ਪ੍ਰੋਤਸਾਹਨ ਰਾਸ਼ੀ ਆਤਮ-ਸਮਰਪਣ ਕਰਨ 'ਤੇ ਅਤੇ ਸਮੂਹਿਕ ਆਤਮ-ਸਮਰਪਣ 'ਤੇ ਇਹ ਰਾਸ਼ੀ ਦੁੱਗਣੀ ਹੋ ਜਾਂਦੀ ਹੈ।



- ਸੈਰੰਡਰ ਕਰਨ ਵਾਲਿਆਂ ਨੂੰ ਇੱਕ ਮੋਬਾਈਲ ਦਿੱਤਾ ਜਾਂਦਾ ਹੈ।
- ਹਥਿਆਰ ਜਮ੍ਹਾਂ ਕਰਨ 'ਤੇ ਮੁਆਵਜ਼ਾ ਮਿਲਦਾ ਹੈ।
- ਪੁਨਰਵਾਸ ਕੇਂਦਰ 'ਤੇ ਕੌਸ਼ਲ ਟ੍ਰੇਨਿੰਗ ਅਤੇ ਟੂਲ ਕਿੱਟ ਵੇਰਵਾ ਕੀਤਾ ਜਾਂਦਾ ਹੈ।

**₹10,000**

ਰੁਪਏ ਪ੍ਰਤੀ ਮਹੀਨਾ 36 ਮਹੀਨਿਆਂ ਤੱਕ ਦੇ ਲਈ ਸਹਾਇਤਾ ਦਿੱਤੀ ਜਾਂਦੀ ਹੈ। ਸਾਰਿਆਂ ਨੂੰ ਪ੍ਰਧਾਨ ਮੰਤਰੀ ਆਵਾਸ ਦਾ ਤੋਹਫ਼ਾ ਮਿਲਦਾ ਹੈ।

- ਨਕਸਲ ਮੁਕਤ ਪੰਚਾਇਤ ਹੁੰਦੇ ਹੀ ਪਿੰਡਾਂ ਦੇ ਵਿਕਾਸ ਦੇ ਲਈ 1 ਕਰੋੜ ਰੁਪਏ ਦਿੱਤੇ ਜਾਂਦੇ ਹਨ।
- ਇਨ੍ਹਾਂ ਦੇ ਬੱਚਿਆਂ ਦੇ ਲਈ 12ਵੀਂ ਤੱਕ ਮੁਫ਼ਤ ਸਿੱਖਿਆ ਦੀ ਵਿਵਸਥਾ, ਮਹਿਲਾਵਾਂ ਨੂੰ 2 ਲੱਖ ਰੁਪਏ ਅਤੇ ਪੁਰਸ਼ਾਂ ਦੇ ਲਈ 5 ਲੱਖ ਰੁਪਏ ਤੱਕ ਦੇ ਲੋਨ ਦੀ ਵਿਵਸਥਾ।

ਵਿੱਚ ਸਾਹ ਲੈ ਰਿਹਾ ਹੈ। ਕਰੋੜਾਂ ਲੋਕ ਪੀੜ੍ਹੀਆਂ ਬਾਅਦ ਪਹਿਲੀ ਵਾਰ ਡਰ ਅਤੇ ਡਰ ਦੇ ਸਾਏ ਤੋਂ ਨਿਕਲ ਕੇ ਵਿਕਾਸ ਦੀ ਮੁੱਖ ਧਾਰਾ ਦਾ ਹਿੱਸਾ ਬਣੇ ਹਨ। ਜਿਨ੍ਹਾਂ ਇਲਾਕਿਆਂ ਵਿੱਚ ਮਾਓਵਾਦੀ ਨਕਸਲੀ ਸੜਕਾਂ ਨਹੀਂ ਬਣਨ ਦਿੰਦੇ ਸਨ, ਸਕੂਲ ਨਹੀਂ ਖੁੱਲ੍ਹਣ ਦਿੰਦੇ ਸਨ, ਹਸਪਤਾਲ ਨਹੀਂ ਬਣਨ ਦਿੰਦੇ ਸਨ ਅਤੇ ਬਣੇ- ਬਣਾਏ ਸਕੂਲ ਅਤੇ ਹਸਪਤਾਲ ਨੂੰ ਬੰਬ ਨਾਲ ਉਡਾ ਦਿੰਦੇ ਸਨ। ਡਾਕਟਰਾਂ ਨੂੰ ਗੋਲੀਆਂ ਨਾਲ ਭੁੰਨ ਦਿੰਦੇ ਸਨ, ਮੋਬਾਈਲ ਟਾਵਰਸ ਨਹੀਂ ਲਗਣ ਦਿੰਦੇ ਸਨ । ਸੁਰੱਖਿਆ ਬਲਾਂ ਦੇ ਕੈਂਪ 'ਤੇ ਹਮਲੇ ਕਰਕੇ ਕੈਦੀਆਂ ਨੂੰ ਛੁਡਾ ਕੇ ਲੈ ਜਾਂਦੇ ਸਨ, ਹਥਿਆਰ ਲੁੱਟ ਲੈਂਦੇ ਸਨ, ਇਨਫ੍ਰਾਸਟ੍ਰਕਚਰ ਦੇ ਕੰਮ ਵਿੱਚ ਠੇਕੇਦਾਰਾਂ ਤੋਂ ਕਮਿਸ਼ਨ ਦੀ ਉਗਰਾਹੀ ਕਰਦੇ ਸਨ, ਟਰੱਕਾਂ, ਮਾਲ-ਗੱਡੀਆਂ ਦੇ ਡੱਬੇ ਵਿੱਚ ਅੱਗ ਲਗਾ ਦਿੰਦੇ ਸਨ, ਉੱਥੇ ਹੁਣ ਰਾਜਮਾਰਗ ਬਣ ਰਹੇ ਹਨ, ਨਵੇਂ ਉਦਯੋਗ ਲਗ ਰਹੇ ਹਨ। ਦੇਸ਼ ਨੂੰ ਸਫਲਤਾ ਸੁਰੱਖਿਆ ਬਲਾਂ ਦੀ ਤਪੱਸਿਆ, ਤਿਆਗ ਅਤੇ ਸਾਹਸ ਤੋਂ ਮਿਲੀ ਹੈ। ਇਸ ਲਈ 2025 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੇ ਦੇਸ਼ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਜਦੋਂ ਤੱਕ ਦੇਸ਼ ਨਕਸਲਵਾਦ-ਮਾਓਵਾਦ ਦੇ ਅੱਤਵਾਦ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਜਾਂਦਾ, ਉਹ ਨਾ ਰੁਕਣ ਵਾਲੇ ਹਨ, ਨਾ ਚੈਨ ਨਾਲ ਬੈਠਣ ਵਾਲੇ ਹਨ।

> "ਕਈ ਸਾਰੇ ਵੱਡੇ ਕੰਮ ਜੋ ਆਜ਼ਾਦੀ ਦੇ ਸਮੇਂ ਤੋਂ ਇਸ ਦੇਸ਼ ਦੀ ਜਨਤਾ ਚਾਹੁੰਦੀ ਸੀ, ਉਹ ਸਾਰੇ ਕੰਮ ਨਰੇਂਦਰ ਮੋਦੀ ਜੀ ਦੇ ਇਨ੍ਹਾਂ 12 ਵਰ੍ਹਿਆਂ ਵਿੱਚ ਹੋਏ ਹਨ ਅਤੇ ਹੁਣ ਨਕਸਲਵਾਦ ਤੋਂ ਮੁਕਤ ਭਾਰਤ ਦੀ ਸਿਰਜਣਾ ਵੀ ਉਨ੍ਹਾਂ ਦੇ ਸ਼ਾਸਨ ਵਿੱਚ ਹੀ ਹੋ ਰਹੀ ਹੈ। ਇਹ 12 ਸਾਲ ਦੇਸ਼ ਲਈ ਇੱਕ ਪ੍ਰਕਾਰ ਨਾਲ ਬਹੁਤ ਸ਼ੁਭ ਸਾਬਤ ਹੋਏ ਹਨ।"
>
> **— ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

## ਸੰਵਾਦ, ਸੁਰੱਖਿਆ ਅਤੇ ਤਾਲਮੇਲ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ, ਭਾਰਤ ਵਿੱਚ ਨਕਸਲਵਾਦ ਦੇ ਵਿਰੁੱਧ ਲੜਾਈ-ਸੁਰੱਖਿਆ, ਵਿਕਾਸ ਅਤੇ ਸਮਾਜਿਕ ਨਿਆਂ ਦੇ ਤ੍ਰਿਕੋਣ 'ਤੇ ਅਧਾਰਿਤ ਹੈ। ਦੇਸ਼ ਨੇ ਕੇਂਦਰ ਅਤੇ ਰਾਜਾਂ ਦੇ ਦਰਮਿਆਨ ਟਿਕਾਊ ਸਰਗਰਮ ਸਹਿਯੋਗ ਨਾਲ 31 ਮਾਰਚ 2026 ਨੂੰ ਨਕਸਲ-ਮੁਕਤ ਭਾਰਤ ਦਾ ਟੀਚਾ ਪ੍ਰਾਪਤ ਕੀਤਾ ਹੈ। ਇਹ ਸਰਕਾਰ ਦੀ ਨਿਰਣਾਇਕ ਨੀਤੀ ਅਤੇ ਉਸ ਦੀ ਸ਼ਾਂਤੀ ਅਤੇ ਵਿਕਾਸ ਦੇ ਪ੍ਰਤੀ ਅਟੁੱਟ ਵਚਨਬੱਧਤਾ ਦੇ ਇੱਕ ਦਹਾਕੇ ਦਾ ਪ੍ਰਮਾਣ ਹੈ। ਸਰਕਾਰ ਨੇ ਨਕਸਲਵਾਦ ਦੇ ਵਿਰੁੱਧ ਇੱਕ ਏਕੀਕ੍ਰਿਤ, ਬਹੁਆਯਾਮੀ ਅਤੇ ਸਖ਼ਤ ਰਣਨੀਤੀ ਅਪਣਾਈ ਹੈ ਜੋ ਪਿਛਲੀਆਂ ਸਰਕਾਰਾਂ ਦੇ ਬਿਖਰੇ ਹੋਏ ਦ੍ਰਿਸ਼ਟੀਕੋਣ ਦੀ ਜਗ੍ਹਾ ਕਾਮਯਾਬ ਸਾਬਤ ਹੋਈ ਹੈ। ਸੰਵਾਦ-ਸੁਰੱਖਿਆ- ਤਾਲਮੇਲ ਦੇ ਸਪਸ਼ਟ ਸਿਧਾਂਤਾਂ 'ਤੇ ਚਲਦੇ



## ਤਿੰਨ ਮਿਤੀਆਂ.... ਬਦਲ ਗਈ ਦਿਸ਼ਾ

ਵਿਕਾਸ ਦੇ ਲਈ ਕੇਂਦਰ ਸਰਕਾਰ ਨੇ 'ਹੋਲ ਆਫ਼ ਗਵਰਨਮੈਂਟ' ਤਾਂ ਸੁਰੱਖਿਆ ਨਕੇਲ ਕੱਸਣ ਦੇ ਲਈ ਹੋਲ ਆਫ਼ ਏਜੰਸੀ ਦੇ ਦ੍ਰਿਸ਼ਟੀਕੋਣ ਨਾਲ ਬਦਲੀ ਦਿਸ਼ਾ, ਜਿਸ ਵਿੱਚ ਤਿੰਨ ਮਿਤੀਆਂ ਲਿਖੀ ਨਿਰਣਾਇਕ ਪਟਕਥਾ .....

- 'ਆਲ ਏਜੰਸੀ' ਅਪ੍ਰੋਚ ਰਾਹੀਂ ਐੱਨਆਈਏ, ਈਡੀ ਅਤੇ ਇੰਟੈਲੀਜੈਂਸ ਆਦਿ ਨੇ ਨਕਸਲੀਆਂ ਦੇ ਨੈੱਟਵਰਕ, ਫੰਡਿੰਗ ਅਤੇ ਸਪੋਰਟ ਸਿਸਟਮ 'ਤੇ ਚੌਤਰਫਾ ਹਮਲਾ ਕੀਤਾ।
- 'ਹੋਲ ਆਫ਼ ਗਵਰਨਮੈਂਟ' ਦੀ ਅਪ੍ਰੋਚ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਵਿਕਾਸ ਦੇ ਕੰਮ ਸ਼ੁਰੂ ਹੋ ਚੁੱਕੇ ਸਨ।
- **20 ਅਗਸਤ 2019:** ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਮੀਟਿੰਗ ਹੋਈ ਅਤੇ ਇਸ ਵਿੱਚ ਪੁਲਿਸ ਤਾਲਮੇਲ, ਪੁਲਿਸ ਦਾ ਆਧੁਨਿਕੀਕਰਣ, ਰਿਟਾਇਰਡ ਨਕਸਲੀਆਂ ਨੂੰ ਪੁਲਿਸ ਬਲ ਵਿੱਚ ਲਿਆਉਣ ਅਤੇ ਖੁਫ਼ੀਆ ਏਜੰਸੀਆਂ ਨਾਲ ਤਾਲਮੇਲ ਵਰਗੇ ਇਨ੍ਹਾਂ ਸਾਰੇ ਪਹਿਲੂਆਂ 'ਤੇ ਇੱਕ ਰੂਪਰੇਖਾ ਤਿਆਰ ਕੀਤੀ ਗਈ।
- **24 ਅਗਸਤ 2024:** ਛੱਤੀਸਗੜ੍ਹ ਵਿੱਚ ਚੋਣਾਂ ਤੋਂ ਬਾਅਦ ਸੱਤਾ ਪਰਿਵਰਤਨ ਹੋ ਚੁੱਕਿਆ ਸੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉੱਥੇ ਪਹੁੰਚੇ ਅਤੇ ਕੇਂਦਰ-ਰਾਜ ਦੇ ਦਰਮਿਆਨ ਸਾਂਝੀ ਰਣਨੀਤੀ ਬਣੀ। ਇਸ ਮਿਤੀ ਨੂੰ ਐਲਾਨ ਹੋਇਆ 31 ਮਾਰਚ 2026 ਤੱਕ ਨਕਸਲ ਮੁਕਤ ਹੋਵੇਗਾ ਭਾਰਤ।
- **31 ਮਾਰਚ 2026:** ਨਕਸਲ ਮੁਕਤ ਭਾਰਤ ਦੇ ਸੰਕਲਪ ਦੀ ਸਿੱਧੀ ਦੀ ਤਾਰੀਖ ਤੋਂ ਇੱਕ ਦਿਨ ਪਹਿਲਾਂ ਹੀ ਲੋਕ ਸਭਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੀਤਾ ਐਲਾਨ।

ਕੇਂਦਰੀ ਗ੍ਰਹਿ ਮੰਤਰੀ ਦਾ ਪੂਰਾ ਭਾਸ਼ਣ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਹੋਏ, ਸਰਕਾਰ ਨੇ ਮਾਰਚ 2026 ਤੱਕ ਹਰੇਕ ਨਕਸਲ ਪ੍ਰਭਾਵਿਤ ਖੇਤਰ ਨੂੰ ਪੂਰੀ ਤਰ੍ਹਾਂ ਨਕਸਲ ਮੁਕਤ ਬਣਾ ਦਿੱਤਾ ।

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੇ ਅਨੁਸਾਰ, ਜਿੱਥੇ ਪਹਿਲਾਂ ਬਿਖਰੇ ਹੋਏ ਦ੍ਰਿਸ਼ਟੀਕੋਣ ਦੇ ਨਾਲ ਕੰਮ ਹੁੰਦਾ ਸੀ, ਘਟਨਾ-ਅਧਾਰਿਤ ਕਾਰਵਾਈ ਹੁੰਦੀ ਸੀ ਅਤੇ ਕੋਈ ਸਥਾਈ ਨੀਤੀ ਨਹੀਂ ਸੀ। ਇੱਕ ਤਰ੍ਹਾਂ ਨਾਲ ਕਹੋ ਤਾਂ ਸਰਕਾਰ ਦੇ ਰਿਸਪਾਂਸ ਦਾ 'ਸਟੀਅਰਿੰਗ' ਨਕਸਲੀਆਂ ਦੇ ਹੱਥ ਵਿੱਚ



## ਪੁਲਿਸ ਬਲ ਦਾ ਆਧੁਨਿਕੀਕਰਣ

- ਰਾਜਾਂ ਦੇ ਪੁਲਿਸ ਬਲਾਂ ਨੂੰ 'ਪੁਲਿਸ ਫੋਰਸ ਦੀ ਆਧੁਨਿਕੀਕਰਣ' ਯੋਜਨਾ ਦੇ ਤਹਿਤ ਸਹਾਇਤਾ ਦਿੱਤੀ ਗਈ।
- ਯੋਜਨਾ ਦੇ ਤਹਿਤ, ਰਾਜ ਸਰਕਾਰਾਂ ਨੂੰ ਹਥਿਆਰ, ਇਨਫਰਮੇਸ਼ਨ ਤਕਨਾਲੋਜੀ ਦੇ ਲਈ ਉਪਕਰਣ, ਕਮਿਊਨੀਕੇਸ਼ਨ, ਟ੍ਰੇਨਿੰਗ, ਮੋਬਿਲਿਟੀ (mobility) ਅਤੇ ਪੁਲਿਸ ਰਿਹਾਇਸ਼ ਸਮੇਤ ਹੋਰ ਬੁਨਿਆਦੀ ਢਾਂਚੇ ਦੇ ਲਈ ਮਦਦ ਦਿੱਤੀ।
- ਯੋਜਨਾ ਦੀ ਉਪ-ਯੋਜਨਾ 'ਸਪੈਸ਼ਲ ਇਨਫ੍ਰਾਸਟ੍ਰਕਚਰ ਸਕੀਮ (ਐੱਸਆਈਐੱਸ SIS) ਦੇ ਤਹਿਤ ਐੱਲਡਬਲਿਊਈ ਪ੍ਰਭਾਵਿਤ ਰਾਜਾਂ ਨੂੰ ਵਿਸ਼ੇਸ਼ ਬਲਾਂ, ਸਟੇਟ ਇੰਟੈਲੀਜੈਂਸ ਬ੍ਰਾਂਚ, ਜ਼ਿਲ੍ਹਾ ਪੁਲਿਸ ਅਤੇ ਮਜ਼ਬੂਤ ਪੁਲਿਸ ਸਟੇਸ਼ਨਾਂ ਦਾ ਨਿਰਮਾਣ ਕੀਤਾ ਗਿਆ।

**₹1,224.59 ਕਰੋੜ**

2014-15 ਤੋਂ ਹੁਣ ਤੱਕ ਇਸ ਯੋਜਨਾ ਰਾਹੀਂ ਕੇਂਦਰੀ ਏਜੰਸੀਆਂ ਨੂੰ ਸਹਾਇਤਾ ਵਜੋਂ ਦਿੱਤੇ ਗਏ।

**596** ਕਿਲ੍ਹਾਬੰਦ ਪੁਲਿਸ ਸਟੇਸ਼ਨ ਬਣਾਏ ਗਏ ਪਿਛਲੇ 11 ਵਰ੍ਹਿਆਂ ਵਿੱਚ।

**350** ਪੁਲਿਸ ਸਟੇਸ਼ਨ ਸਨ ਨਕਸਲ ਘਟਨਾਵਾਂ ਦਰਜ ਕਰਨ ਵਾਲੇ ਜੋ ਹੁਣ ਘਟ ਕੇ 60 ਰਹਿ ਗਏ।

**406** ਨਵੇਂ ਕੇਂਦਰੀ ਹਥਿਆਰਬੰਦ ਬਲਾਂ ਦੇ ਕੈਂਪ 2020 ਤੋਂ ਬਣਾਏ ਗਏ।

**68** ਨਾਈਟ ਲੈਂਡਿੰਗ ਹੈਲੀਪੈਡ ਤਿਆਰ ਕੀਤੇ ਗਏ।

**400** ਬੁਲੇਟ ਅਤੇ ਬਲਾਸਟ ਪਰੂਫ਼ ਗੱਡੀਆਂ ਜਵਾਨਾਂ ਨੂੰ ਦਿੱਤੀਆਂ ਗਈਆਂ।

**05** ਹਸਪਤਾਲ ਜਵਾਨਾਂ ਦੇ ਲਈ ਬਣਾਏ ਗਏ ਅਤੇ ਸੰਚਾਰ ਪ੍ਰਣਾਲੀ ਨੂੰ ਦਰੁਸਤ ਕੀਤਾ ਗਿਆ।





# ਫੰਡਿੰਗ ਰੋਕਣ ਦੇ ਲਈ ਕਦਮ

ਐੱਲਡਬਲਿਊਈ (LWE) ਨੂੰ ਮਿਲਣ ਵਾਲੀ ਫੰਡਿੰਗ ਨੂੰ ਰੋਕਣ ‘ਤੇ ਖਾਸ ਧਿਆਨ ਦਿੱਤਾ ਹੈ। ਖਾਸ ਕਰਕੇ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਓਵਾਦੀ) ਅਤੇ ਉਨ੍ਹਾਂ ਨੂੰ ਫੰਡ ਉਪਲਬਧ ਕਰਵਾਉਣ ਵਾਲਿਆਂ ਦੇ ਦਰਮਿਆਨ ਗਠਜੋੜ ਦਾ ਪਤਾ ਲਗਾਉਣ ਦੇ ਲਈ ਲਗਾਤਾਰ ਕਾਰਵਾਈ ਕੀਤੀ ਗਈ। ਐੱਲਡਬਲਿਊਈ (LWE) ਨੂੰ ਫੰਡ ਅਤੇ ਹੋਰ ਸਰੋਤ ਮਿਲਣ ਤੋਂ ਰੋਕਣ ਦੇ ਲਈ ਰਾਜ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਨਾਲ ਮਿਲ ਕੇ ਤਾਲਮੇਲ ਵਾਲੇ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਗਏ ਹਨ। ਐੱਲਡਬਲਿਊਈ ਦੇ ਵਿੱਤੀ ਨੈੱਟਵਰਕ ਨੂੰ ਤੋੜਨ ਲਈ ਸਰਕਾਰ ਵੱਲੋਂ ਚੁੱਕੇ ਗਏ ਮੁੱਖ ਕਦਮ .......

- ਅੱਤਵਾਦ ਦੀ ਫੰਡਿੰਗ ‘ਤੇ ਰੋਕ ਲਗਾਉਣ ਦੇ ਲਈ ਵਰ੍ਹੇ 2011 ਤੋਂ ਗ੍ਰਹਿ ਮੰਤਰਾਲੇ ਵਿੱਚ "ਅੱਤਵਾਦ ਦੀ ਫੰਡਿੰਗ ਨਾਲ ਮੁਕਾਬਲਾ (ਸੀਐੱਫਟੀ) ਸੈੱਲ" ਨਾਮ ਨਾਲ ਇੱਕ ਵਿਸ਼ੇਸ਼ ਇਕਾਈ ਬਣਾਈ ਗਈ ਸੀ। ਇਹ ਸੈੱਲ ਵੱਖ-ਵੱਖ ਖੁਫੀਆ ਅਤੇ ਜਾਂਚ ਏਜੰਸੀਆਂ ਦੇ ਨਾਲ ਤਾਲਮੇਲ ਕਰਕੇ ਅੱਤਵਾਦ ਦੇ ਵਿੱਤੀ ਨੈੱਟਵਰਕ 'ਤੇ ਕਾਰਵਾਈ ਕਰਦਾ ਹੈ।
- ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਵੀ ਇੱਕ ਟੈਰਰ ਫੰਡਿੰਗ ਅਤੇ ਫੇਕ ਕਰੰਸੀ ਸੈੱਲ (ਟੀਐੱਫਐੱਫਸੀ)" ਬਣਾਇਆ ਹੈ ਤਾਂ ਜੋ ਅੱਤਵਾਦੀ ਫੰਡਿੰਗ ਅਤੇ ਨਕਲੀ ਭਾਰਤੀ ਕਰੰਸੀ ਨੋਟਾਂ (ਐੱਫਆਈਸੀਐੱਨ) ਦੀ ਜਾਂਚ ਅਤੇ ਮੁਕੱਦਮਾ ਚਲਾਇਆ ਜਾ ਸਕੇ।
- ਦੇਸ਼ ਦੇ ਅੰਦਰ ਏਆਈਸੀਐੱਨ ਦੇ ਸਰਕੁਲੇਸ਼ਨ ਦਾ ਮੁਕਾਬਲਾ ਕਰਨ ਦੇ ਲਈ ਕੇਂਦਰ ਅਤੇ ਰਾਜਾਂ ਦੀਆਂ ਵੱਖ-ਵੱਖ ਸੁਰੱਖਿਆ ਏਜੰਸੀਆਂ ਦੇ ਦਰਮਿਆਨ ਇੰਟੈਲੀਜੈਂਸ/ਜਾਣਕਾਰੀ ਸ਼ੇਅਰ ਕਰਨ ਦੇ ਲਈ ਇੱਕ ਐੱਫਆਈਸੀਐੱਨ ਤਾਲਮੇਲ ਕੇਂਦਰ (ਐੱਫਸੀਓਆਰਡੀ) ਵੀ ਬਣਾਇਆ ਗਿਆ।
- ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਰਿਜ਼ੋਲਿਊਸ਼ਨ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਦੇ ਤਹਿਤ ਅੱਤਵਾਦੀ ਸੰਗਠਨਾਂ ਅਤੇ ਉਨ੍ਹਾਂ ਦੇ ਮੈਂਬਰਾਂ ਦੇ ਵਿਰੁੱਧ ਕਈ ਤਰ੍ਹਾਂ ਦੀ ਪਾਬੰਦੀਆਂ ਲਗਾਈਆਂ ਗਈਆਂ। ਇਸ ਵਿੱਚ ਫੰਡਾਂ ਅਤੇ ਸੰਪਤੀਆਂ ਨੂੰ ਫ੍ਰੀਜ਼ ਕਰਨਾ ਅਤੇ ਜ਼ਬਤ ਕਰਨਾ ਸ਼ਾਮਲ ਰਿਹਾ ਹੈ। ਇਸ ਨਾਲ ਅੱਤਵਾਦੀ ਸੰਗਠਨਾਂ ਦੇ ਫੰਡ ਫਲੋ 'ਤੇ ਰੋਕ ਲਗੀ।
- ਗ੍ਰਹਿ ਮੰਤਰਾਲੇ ਵਿੱਚ 2016 ਵਿੱਚ ਐੱਲਡਬਲਿਊਈ ਕੈਡਰ ਨੂੰ ਫੰਡ ਦੇ ਫਲੋ ਦੀ ਨਿਗਰਾਨੀ ਦੇ ਲਈ ਦੋ ਮਲਟੀ-ਡਿਸਿਪਲਨਰੀ ਗਰੁੱਪ ਬਣਾਏ ਗਏ ਸਨ — ਇੱਕ ਕੇਂਦਰ ਪੱਧਰ 'ਤੇ ਅਤੇ ਦੂਜਾ ਰਾਜ ਪੱਧਰ 'ਤੇ।

**₹40** ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਜ਼ਬਤ ਕੀਤੀ ਹੈ। ਕੇਂਦਰ ਸਰਕਾਰ ਨੇ ਐੱਨਆਈਏ ਵਿੱਚ ਇੱਕ ਸਮਰਪਿਤ ਵਿਭਾਗ ਬਣਾ ਕੇ। ਨਕਸਲੀਆਂ ਦੇ ਵਿੱਤ ਪੋਸ਼ਣ ‘ਤੇ ਪ੍ਰਭਾਵਸ਼ਾਲੀ ਢੰਗ ਨਾਲ ਲਗਾਮ ਲਗਾਈ ਗਈ। ਜਦੋਂ ਕਿ ਰਾਜਾਂ ਨੇ ਵੀ 40 ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਜਬਤ ਕੀਤੀ।

**12** ਕਰੋੜ ਰੁਪਏ



ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਜ਼ਬਤ ਕੀਤੇ ਗਏ ਸਨ। ਇਸ ਕਾਰਵਾਈ ਨੇ 'ਸ਼ਹਿਰੀ ਨਕਸਲੀਆਂ' ਨੂੰ ਗੰਭੀਰ ਨੈਤਿਕ ਅਤੇ ਮਨੋਵਿਗਿਆਨਕ ਨੁਕਸਾਨ ਪਹੁੰਚਾਇਆ ਅਤੇ ਨਤੀਜੇ ਵਜੋਂ ਉਨ੍ਹਾਂ ਦੇ 'ਜਾਣਕਾਰੀ ਯੁੱਧ ਨੈੱਟਵਰਕਾਂ' 'ਤੇ ਹੋਰ ਵੀ ਸਖ਼ਤ ਕੰਟਰੋਲ ਕੀਤਾ ਗਿਆ।

ਸੀ। ਪਰ 2014 ਤੋਂ ਬਾਅਦ ਦੇ ਸਰਕਾਰ ਦੇ ਅਭਿਆਨਾਂ, ਪ੍ਰੋਗਰਾਮਾਂ ਦੀ ਸਟੇਅਰਿੰਗ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਕੋਲ ਹੈ। ਇਹ ਇੱਕ ਬਹੁਤ ਵੱਡੀ ਨੀਤੀਗਤ ਤਬਦੀਲੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਕਹਿਣਾ ਹੈ "ਸਾਡੀ ਸਰਕਾਰ ਦੀ ਨੀਤੀ ਹੈ ਜੋ ਹਥਿਆਰ ਛੱਡ ਕੇ ਆਤਮ ਸਮਰਪਣ ਕਰਨਾ ਚਾਹੁੰਦੇ ਹਨ, ਉਨ੍ਹਾਂ ਦੇ ਲਈ ਰੈੱਡ ਕਾਰਪੇਟ ਹੈ ਅਤੇ ਉਨ੍ਹਾਂ ਦਾ ਸੁਆਗਤ ਹੈ ਪਰ ਜੇਕਰ ਉਹ ਹਥਿਆਰਾਂ ਨਾਲ ਮਾਸੂਮ ਆਦਿਵਾਸੀਆਂ ਨੂੰ ਮਾਰਨਾ ਚਾਹੁੰਦੇ ਹਨ, ਤਾਂ ਸਰਕਾਰ ਦਾ ਫਰਜ਼ ਹੈ ਕਿ ਉਹ ਮਾਸੂਮ ਆਦਿਵਾਸੀਆਂ ਦੀ ਰੱਖਿਆ ਕਰੇ ਅਤੇ ਹਥਿਆਰਬੰਦ ਨਕਸਲੀਆਂ ਦਾ ਸਾਹਮਣਾ ਕਰੇ।" ਕੇਂਦਰ ਅਤੇ ਰਾਜਾਂ ਵਿਚਕਾਰ ਬਿਹਤਰ ਤਾਲਮੇਲ ਬਣਿਆ ਹੈ, ਅਤੇ ਰਾਜਾਂ ਅਤੇ ਪੁਲਿਸ ਪ੍ਰਣਾਲੀ ਦੀ ਸਮਰੱਥਾ ਵਿੱਚ ਸੁਧਾਰ ਹੋਇਆ ਹੈ। ਕੇਂਦਰੀ ਹਥਿਆਰਬੰਦ ਬਲਾਂ ਅਤੇ ਰਾਜ ਪੁਲਿਸ ਵਿਚਕਾਰ ਤਾਲਮੇਲ ਵਧਾਇਆ ਗਿਆ ਹੈ ।



ਪ੍ਰਤੀਨਿਧੀ ਫੋਟੋ

# ਵਿਕਾਸ ਕੇਂਦ੍ਰਿਤ ਪਹਿਲ

ਵਿਕਾਸ ਦੇ ਮੋਰਚੇ 'ਤੇ, ਸਰਕਾਰ ਦੀਆਂ ਮੁੱਖ ਯੋਜਨਾਵਾਂ ਤੋਂ ਇਲਾਵਾ, ਐੱਲਡਬਲਿਊਈ ਪ੍ਰਭਾਵਿਤ ਕਈ ਇਲਾਕਿਆਂ ਲਈ ਖਾਸ ਪਹਿਲ ਕੀਤੀ ਗਈ। ਇਸ ਵਿੱਚ ਰੋਡ ਨੈੱਟਵਰਕ ਦੇ ਵਿਸਤਾਰ, ਟੈਲੀਕਮਿਊਨੀਕੇਸ਼ਨ ਕਨੈਕਟੀਵਿਟੀ ਵਿੱਚ ਸੁਧਾਰ, ਸਿੱਖਿਆ, ਸਕਿੱਲ ਡਿਵੈਲਪਮੈਂਟ ਅਤੇ ਵਿੱਤੀ ਸਮਾਵੇਸ਼ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਜਿਨ੍ਹਾਂ ਵਿੱਚ ਪ੍ਰਮੁੱਖ ਹਨ...

- ਰੋਡ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ ਦੋ ਖਾਸ ਯੋਜਨਾਵਾਂ- ਰੋਡ ਰਿਕਵਾਇਰਮੈਂਟ ਪਲਾਨ (ਆਰਆਰਪੀ) ਅਤੇ ਐੱਲਡਬਲਿਊਈ ਪ੍ਰਭਾਵਿਤ ਖੇਤਰਾਂ ਲਈ ਰੋਡ ਕਨੈਕਟੀਵਿਟੀ ਪ੍ਰੋਜੈਕਟ (ਆਰਪੀਸੀਐੱਲਡਬਲਿਊਈਏ) ਲਾਗੂ ਕੀਤੀ ਗਈ।

**17,589** ਕਿਲੋਮੀਟਰ ਸੜਕਾਂ ਬਣਾਉਣ ਦੀ ਮਨਜ਼ੂਰੀ, ਜਿਸ ਵਿੱਚੋਂ 12 ਹਜ਼ਾਰ ਕਿਲੋਮੀਟਰ ਸੜਕਾਂ ਬਣ ਚੁੱਕੀਆਂ ਹਨ।

**9,233** ਟਾਵਰ ਐੱਲਡਬਲਿਊਈ ਪ੍ਰਭਾਵਿਤ ਇਲਾਕਿਆਂ ਵਿੱਚ ਟੈਲੀਕੌਮ ਕਨੈਕਟੀਵਿਟੀ ਬਿਹਤਰ ਬਣਾਉਣ ਲਈ ਲਗਾਏ ਗਏ।

**6,025** ਪੋਸਟ ਔਫਿਸ ਵਿੱਤੀ ਸਮਾਵੇਸ਼ ਲਈ ਡਾਕ ਵਿਭਾਗ ਨੇ ਐੱਲਡਬਲਿਊ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਬੈਂਕਿੰਗ ਸੇਵਾਵਾਂ ਨਾਲ ਖੋਲ੍ਹੇ।

- ਹੁਨਰ ਵਿਕਾਸ ਲਈ 46 ਉਦਯੋਗਿਕ ਟ੍ਰੇਨਿੰਗ ਸੰਸਥਾਨ ਅਤੇ 49 ਹੁਨਰ ਵਿਕਾਸ ਕੇਂਦਰ ਖੋਲ੍ਹੇ ਗਏ।

- ਕਬਾਇਲੀ ਇਲਾਕਿਆਂ ਵਿੱਚ ਚੰਗੀ ਸਿੱਖਿਆ ਲਈ 259 ਏਕਲਵਯ ਮਾਡਲ ਰਿਹਾਇਸ਼ੀ ਸਕੂਲ ਸ਼ੁਰੂ ਕੀਤੇ।

### ਖੱਬੇਪੱਖੀ ਅੱਤਵਾਦ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਖੋਲ੍ਹੀਆਂ

**1,804** ਬੈਂਕ ਸ਼ਾਖਾਵਾਂ

**1,321** ਏਟੀਐੱਮ

**37850** ਬੈਂਕਿੰਗ ਕੋਰਸਪੌਂਡੈਂਟ



- ਖਾਸ ਕੇਂਦਰੀ ਸਹਾਇਤਾ ਯੋਜਨਾ ਦੇ ਤਹਿਤ ਸਭ ਤੋਂ ਵੱਧ ਐੱਲਡਬਲਿਊਈ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪਬਲਿਕ ਇਨਫ੍ਰਾਸਟ੍ਰਕਚਰ ਵਿੱਚ ਕਮੀਆਂ ਨੂੰ ਪੂਰਾ ਕਰਨ ਲਈ ਵਰ੍ਹੇ 2017 ਵਿੱਚ ਯੋਜਨਾ ਸ਼ੁਰੂ ਹੋਣ ਦੇ ਬਾਅਦ ਤੋਂ ਹੁਣ ਤੱਕ 3,953.67 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2 ਅਕਤੂਬਰ 2024 ਨੂੰ ਝਾਰਖੰਡ ਤੋਂ 'ਧਰਤੀ ਆਬਾ ਜਨਜਾਤੀਯ ਗ੍ਰਾਮ ਉਤਕਰਸ਼ ਅਭਿਆਨ' ਦੀ ਸ਼ੁਰੂਆਤ ਕੀਤੀ। ਇਸ ਅਭਿਆਨ ਦਾ ਟੀਚਾ 15,000 ਤੋਂ ਵੱਧ ਪਿੰਡਾਂ ਵਿੱਚ ਬੁਨਿਆਦੀ ਸੁਵਿਧਾਵਾਂ ਦੀ ਪਹੁੰਚ ਯਕੀਨੀ ਬਣਾਉਣਾ ਰਿਹਾ। ਨਾਲ ਹੀ, ਸਰਕਾਰ ਇਨ੍ਹਾਂ ਖੇਤਰਾਂ ਵਿੱਚ 3-ਸੀ ਭਾਵ ਸੜਕ ਸੰਪਰਕ, ਮੋਬਾਈਲ ਸੰਪਰਕ ਅਤੇ ਵਿੱਤੀ ਸੰਪਰਕ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ, ਤਾਕਿ ਵਿਕਾਸ ਦੀ ਗਤੀ ਤੇਜ਼ ਹੋਵੇ ਅਤੇ ਲੋਕਾਂ ਨੂੰ ਬਿਹਤਰ ਸੁਵਿਧਾਵਾਂ ਮਿਲ ਸਕਣ।

ਪਹਿਲੀ ਵਾਰ ਭਾਰਤ ਸਰਕਾਰ ਨੇ ਬਿਨਾ ਕਿਸੇ ਭਰਮ ਦੇ ਇੱਕ ਸਪਸ਼ਟ ਨੀਤੀ ਅਪਣਾਈ। ਰਾਜ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਨੂੰ ਛੂਟ ਦਿੱਤੀ ਗਈ। ਨਾਲ ਹੀ, ਇੰਟੈਲੀਜੈਂਸ, ਇਨਫਰਮੇਸ਼ਨ ਸ਼ੇਅਰਿੰਗ ਅਤੇ ਆਪ੍ਰੇਸ਼ਨ ਵਿੱਚ ਕੋਆਰਡੀਨੇਸ਼ਨ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਦਰਮਿਆਨ ਇੱਕ ਵਿਵਹਾਰਿਕ ਪੁਲ ਬਣਾਇਆ ਗਿਆ। ਨਜਾਇਜ਼ ਹਥਿਆਰਾਂ ਦੀ ਸਪਲਾਈ 'ਤੇ ਨਕੇਲ ਕਸੀ ਗਈ। 2019-26 ਦਰਮਿਆਨ ਨਕਸਲੀਆਂ ਦੀ ਹਥਿਆਰ ਸਪਲਾਈ ਚੇਨ ਨੂੰ ਰੋਕਣ ਵਿੱਚ ਸਫਲਤਾ ਮਿਲੀ। ਨਕਸਲੀਆਂ ਨੂੰ ਫੰਡਿੰਗ ਕਰਨ ਵਾਲਿਆਂ 'ਤੇ ਰਾਸ਼ਟਰੀ ਜਾਂਚ ਏਜੰਸੀ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਨਕੇਲ ਕਸੀ। ਨਾਲ ਹੀ, ਨਕਸਲਵਾਦੀਆਂ ਦੇ ਅਰਬਨ ਨਕਸਲ ਸਪੋਰਟ, ਲੀਗਲ ਸਹਾਇਤਾ ਅਤੇ ਮੀਡੀਆ ਨਰੇਟਿਵ ਘੜਨ 'ਤੇ ਵੀ ਸਖਤੀ ਕੀਤੀ ਗਈ। ਸੈਂਟਰਲ ਕਮੇਟੀ ਦੇ




**240** ਬੈੱਡਾਂ ਵਾਲਾ ਸੁਪਰ ਸਪੈਸ਼ਲਿਟੀ ਹਸਪਤਾਲ ਜਗਦਾਲਪੁਰ ਵਿੱਚ ਬਣਿਆ। ਇਸ ਇਲਾਕੇ ਵਿੱਚ ਪਹਿਲਾਂ ਪ੍ਰਾਇਮਰੀ ਅਤੇ ਕਮਿਊਨਿਟ ਹੈਲਥ ਸੈਂਟਰ ਤੱਕ ਨਹੀਂ ਸਨ।

**₹2,212** ਕਰੋੜ ਰੁਪਏ ਦੇ ਕਾਰਜ ਸ਼ਿਵਿਰ ਪ੍ਰੋਗਰਾਮ ਦੇ ਤਹਿਤ ਸਿਹਤ ਕੈਂਪ, ਦਵਾਈਆਂ ਲਈ ਹੋਏ।

- ਕਬਾਇਲੀ ਨੌਜਵਾਨਾਂ ਲਈ ਐਕਸਚੇਂਜ ਪ੍ਰੋਗਰਾਮ ਕਰਵਾਏ ਗਏ।
- ਰਾਜਾਂ ਲਈ ਸੁਰੱਖਿਆ ਸਬੰਧੀ ਖਾਸ ਖਰਚ ਪਹਿਲਕਦਮੀ ਲਿਆਂਦੀ ਗਈ।

**₹3,000** ਕਰੋੜ ਰੁਪਏ 10 ਵਰ੍ਹਿਆਂ ਵਿੱਚ ਦਿੱਤੇ ਗਏ।

**₹5,000** ਕਰੋੜ ਰੁਪਏ ਖਾਸ ਇਨਫ੍ਰਾਸਟ੍ਰਕਚਰ ਯੋਜਨਾ ਵਿੱਚ ਦਿੱਤੇ ਗਏ।

**₹2,000** ਕਰੋੜ ਰੁਪਏ ਅਤੇ ਵਿਸਤਾਰਿਤ ਖਾਸ ਇਨਫ੍ਰਾਸਟ੍ਰਕਚਰ ਯੋਜਨਾ ਵਿੱਚ ਦਿੱਤੇ ਗਏ।

**₹4,000** ਕਰੋੜ ਰੁਪਏ ਕੇਂਦਰੀ ਫੰਡ ਵੱਲੋਂ ਕ੍ਰਿਟੀਕਲ ਪਬਲਿਕ ਇਨਫ੍ਰਾਸਟ੍ਰਕਚਰ ਦੇ ਲਈ ਦਿੱਤੇ ਗਏ।

## ਬਸਤਰ ਦੇ ਵਿਕਾਸ ਨੂੰ ਨਵੇਂ ਆਯਾਮ

- ਬਸਤਰ ਤੋਂ ਨਕਸਲਵਾਦ ਲਗਭਗ ਖਤਮ ਹੋ ਚੁੱਕਿਆ ਹੈ।
- ਇਸ ਲਈ ਬਸਤਰ ਦੇ ਹਰ ਪਿੰਡ ਵਿੱਚ ਇੱਕ ਸਕੂਲ ਬਣਾਉਣ ਦੀ ਮੁੰਹਿਮ ਚਲੀ।
- ਹਰ ਪਿੰਡ ਵਿੱਚ ਰਾਸ਼ਨ ਦੀ ਦੁਕਾਨ ਖੋਲ੍ਹਣ ਦੀ ਮੁਹਿੰਮ ਚੱਲੀ।
- ਸਾਰੀਆਂ ਤਹਿਸੀਲਾਂ ਅਤੇ ਪੰਚਾਇਤਾਂ ਵਿੱਚ ਸੀਐੱਚਸੀ/ਪੀਐੱਚਸੀ ਬਣੇ।
- ਆਧਾਰ ਕਾਰਡ, ਰਾਸ਼ਨ ਕਾਰਡ ਬਣੇ, 5 ਕਿੱਲੋ ਮੁਫਤ ਰਾਸ਼ਨ ਅਤੇ ਗੈਸ ਚੁੱਲ੍ਹੇ ਦੀ ਸੁਵਿਧਾ ਮਿਲੀ।
- ਬਸਤਰ ਓਲੰਪਿਕਸ ਅਤੇ ਬਸਤਰ ਪੰਡੁਮ ਰਾਹੀਂ ਖੇਡਾਂ ਨੂੰ ਹੁਲਾਰਾ।

**1.20** ਲੱਖ ਕਲਾਕਾਰਾਂ ਨੇ ਬਸਤਰ ਪੰਡੁਮ ਵਿੱਚ ਭਾਗੀਦਾਰੀ ਕੀਤੀ।

**5.50** ਲੱਖ ਆਦਿਵਾਸੀ ਲੋਕਾਂ ਨੇ ਖੇਡਾਂ ਵਿੱਚ ਹਿੱਸਾ ਲਿਆ।



ਮੈਂਬਰ 'ਤੇ ਟੀਚਾਗਤ ਢੰਗ ਨਾਲ ਕਾਰਵਾਈ ਕੀਤੀ ਗਈ। ਆਪ੍ਰੇਸ਼ਨ ਓਕਟੋਪਸ ਅਤੇ ਆਪ੍ਰੇਸ਼ਨ ਡਬਲ ਬੁਲ ਜਿਹੇ ਟਾਰਗੇਟਿਡ ਆਪ੍ਰੇਸ਼ਨ ਕੀਤੇ ਗਏ। ਡੀਆਰਜੀ, ਐੱਸਟੀਐੱਫ, ਸੀਆਰਪੀਐੱਫ ਅਤੇ ਕੋਬਰਾ ਦੀ ਸੰਯੁਕਤ ਟ੍ਰੇਨਿੰਗ ਦੀ ਵੀ ਸ਼ੁਰੂਆਤ ਕੀਤੀ ਗਈ। ਚਾਰਾਂ ਨੇ ਮਿਲ ਕੇ ਅਭਿਆਨ ਚਲਾਇਆ। ਇਸ ਦੇ ਨਾਲ-ਨਾਲ ਫੌਰੈਂਸਿਕ ਜਾਂਚ ਸ਼ੁਰੂ ਕੀਤੀ ਗਈ, ਲੋਕੇਸ਼ਨ ਟ੍ਰੈਕਿੰਗ ਸਿਸਟਮ ਉਪਲਬਧ ਕਰਵਾਇਆ ਗਿਆ ਅਤੇ ਮੋਬਾਈਲ ਫੋਨ ਦੀਆਂ ਗਤੀਵਿਧੀਆਂ ਨੂੰ ਰਾਜ ਪੁਲਿਸ ਨੂੰ ਉਪਲਬਧ ਕਰਵਾਇਆ ਗਿਆ। ਸਾਇੰਟੀਫਿਕ ਕਾਲ ਲੌਗਸ ਐਨਾਲਿਸਿਸ ਦੇ ਸੌਫਟਵੇਅਰ ਬਣੇ ਅਤੇ ਸੋਸ਼ਲ ਮੀਡੀਆ ਐਨਾਲਿਸਿਸ ਨਾਲ ਵੀ ਉਨ੍ਹਾਂ ਦੇ ਲੁਕੇ ਹੋਏ ਸਮਰਥਕਾਂ ਨੂੰ ਲੱਭਣ ਦਾ ਕੰਮ ਹੋਇਆ। ਇਸ ਨਾਲ ਨਕਸਲ ਵਿਰੋਧੀ ਅਭਿਆਨ ਵਿੱਚ ਨਾ ਸਿਰਫ ਤੇਜ਼ੀ ਆਈ ਸਗੋਂ ਨਤੀਜੇ ਵੀ ਮਿਲੇ।




## ਨਕਸਲ ਮੁਕਤ ਭਾਰਤ – ਇੱਕ ਇਤਿਹਾਸਕ ਤਰੀਕ

31 ਮਾਰਚ, 2026, ਭਾਰਤ ਦੇ ਇਤਿਹਾਸ ਲਈ ਇੱਕ ਇਤਿਹਾਸਕ ਤਰੀਕ ਬਣੀ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਇੱਕ ਬਹੁਆਯਾਮੀ ਰਣਨੀਤੀ ਅਪਣਾਈ ਗਈ। ਇਸ ਵਿੱਚ ਸੁਰੱਖਿਆ ਬਲਾਂ ਦੇ ਅਣਥੱਕ ਕਾਰਜਾਂ, ਵਿਕਾਸ ਲਈ ਵਿਆਪਕ ਪਹਿਲਕਦਮੀਆਂ ਅਤੇ ਪੁਨਰਵਾਸ ਨੀਤੀਆਂ ਨੂੰ ਸ਼ਾਮਲ ਕੀਤਾ ਗਿਆ। ਏਜੰਸੀਆਂ ਦਰਮਿਆਨ ਸਹਿਯੋਗ ਨਾਲ ਚਲਾਏ ਗਏ ਇਨ੍ਹਾਂ ਅਭਿਆਨਾਂ ਨਾਲ ਮਾਓਵਾਦੀ ਨੈੱਟਵਰਕ ਦਾ ਸਫਾਇਆ ਕਰਨ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਸ਼ਾਂਤੀ ਬਹਾਲੀ ਵਿੱਚ ਬੇਮਿਸਾਲ ਸਫਲਤਾ ਮਿਲੀ। ਇਹ ਪਹਿਲਾ ਮੌਕਾ ਹੈ ਕਿ ਇਸ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਪੂਰੀ ਤਰ੍ਹਾਂ ਨਾਲ ਖਤਮ ਕਰਨ ਲਈ ਕਿਸੇ ਸਰਕਾਰ ਨੇ ਇੱਕ ਨਿਸ਼ਚਿਤ ਤਰੀਕ ਤੈਅ ਕੀਤੀ ਅਤੇ ਉਸ ਨੂੰ ਸਾਕਾਰ ਵੀ ਕਰ ਦਿਖਾਇਆ। ਅਗਸਤ 2024 ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਪਸ਼ਟ ਤੌਰ 'ਤੇ ਕਿਹਾ ਸੀ ਕਿ ਨਕਸਲਵਾਦ 31 ਮਾਰਚ, 2026 ਤੋਂ ਪਹਿਲਾਂ ਛੱਤੀਸਗੜ੍ਹ ਸਮੇਤ ਸਮੁੱਚੇ ਦੇਸ਼ ਵਿੱਚ ਬੀਤੇ ਜ਼ਮਾਨੇ ਦੀ ਗੱਲ ਬਣ ਚੁੱਕਿਆ ਹੋਵੇਗਾ। ਇਸ ਗੱਲ ਦੀ ਜਾਣਕਾਰੀ ਉਨ੍ਹਾਂ ਨੇ ਕਈ ਮੌਕਿਆਂ 'ਤੇ ਦੇਸ਼ ਅਤੇ ਦੇਸ਼ਵਾਸੀਆਂ ਨੂੰ ਦਿੱਤੀ। ਇਸ ਟੀਚੇ ਨੂੰ ਸਾਕਾਰ ਕਰਨ ਦੇ ਲਈ ਸੁਰੱਖਿਆ ਬਲਾਂ ਨੇ ਕਈ ਆਪ੍ਰੇਸ਼ਨ ਚਲਾਏ। ਵਰ੍ਹੇ 2022 ਵਿੱਚ 'ਆਪ੍ਰੇਸ਼ਨ ਓਕਟੋਪਸ' ਬਿਹਾਰ ਦੇ ਬੂੜ੍ਹਾ ਪਹਾੜ ਖੇਤਰ ਵਿੱਚ ਚਲਾਇਆ। ਇਸੇ ਵਰ੍ਹੇ 'ਆਪ੍ਰੇਸ਼ਨ ਡਬਲ ਬੁਲ ਗੁਮਲਾ', ਲੋਹਰਦਗਾ ਅਤੇ ਲਾਤੇਹਾਰ ਵਿੱਚ ਚਲਿਆ ਅਤੇ ਤਿੰਨੋਂ ਖੇਤਰ ਕੁਝ ਦਿਨਾਂ ਵਿੱਚ ਨਕਸਲ ਮੁਕਤ ਹੋ ਗਏ।

> ਬੀਤੇ ਇੱਕ ਸਾਲ ਵਿੱਚ ਹੀ 2100 ਤੋਂ ਜ਼ਿਆਦਾ ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਹੈ 900 ਤੋਂ ਜ਼ਿਆਦਾ ਗ੍ਰਿਫਤਾਰੀਆਂ ਹੋਈਆਂ ਹਨ, ਅਤੇ ਜੋ ਹਥਿਆਰ ਛੱਡਣ ਦੇ ਲਈ ਤਿਆਰ ਨਹੀਂ ਸਨ, ਅਜਿਹੇ 300 ਤੋਂ ਵੱਧ ਕੱਟੜ ਨਕਸਲੀਆਂ ਨੂੰ ਸੁਰੱਖਿਆ ਬਲਾਂ ਨੇ ਮਾਰ ਸੁੱਟਿਆ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਜੋ ਇਲਾਕੇ ਕਦੇ ਡਰ ਵਿੱਚ ਜਿਉਣ ਨੂੰ ਮਜ਼ਬੂਰ ਸਨ ਉੱਥੇ ਅੱਜ ਵਿਕਾਸ ਦੀ ਨਵੀਂ ਊਰਜਾ ਦਾ ਸੰਚਾਰ ਹੋ ਰਿਹਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**




> ਕੀ ਹੈ ਮਾਓਵਾਦੀ ਵਿਚਾਰਧਾਰਾ? ਇਸ ਦਾ ਧਰੁਵ ਵਾਕ ਕੀ ਹੈ? ਜਦੋਂ ਅਸੀਂ ਆਜ਼ਾਦ ਹੋਏ, ਅਸੀਂ ਕਿਹਾ 'ਸਤਯਮੇਵ ਜਯਤੇ', ਸੱਚ ਦੀ ਹਮੇਸ਼ਾ ਜਿੱਤ ਹੋਵੇ, ਸੱਚ ਦੀ ਜਿੱਤ ਹੁੰਦੀ ਹੈ। ਪਰ, ਇਨ੍ਹਾਂ ਦਾ ਧਰੁਵ ਵਾਕ ਹੈ ਕਿ 'ਸੱਤਾ ਬੰਦੂਕ ਦੀ ਨਾਲੀ ਤੋਂ ਨਿਕਲਦੀ ਹੈ।' ਉੱਥੇ ਸੱਤਾ ਸ਼ਬਦ ਵਿਕਾਸ ਦੇ ਲਈ ਨਹੀਂ, ਆਪਣੀ ਵਿਚਾਰਧਾਰਾ ਦੀ ਹੋਂਦ ਲਈ ਹੈ। ਇੱਥੇ ਵਿਕਾਸ ਦੀ ਕੋਈ ਗੱਲ ਨਹੀਂ ਹੈ। ਇਨ੍ਹਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ ਨਹੀਂ ਹੈ।
>
> - ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ

ਇਸੇ ਤਰ੍ਹਾਂ 1-3 ਸਤੰਬਰ 2022 ਨੂੰ 'ਆਪ੍ਰੇਸ਼ਨ ਥੰਡਰ ਸਟ੍ਰੌਮ' ਝਾਰਖੰਡ ਵਿੱਚ ਸਰਾਯਕੇਲਾ ਪੱਛਮੀ ਸਿੰਘਭੂਮ ਅਤੇ ਖੂੰਟੀ ਜ਼ਿਲ੍ਹੇ ਵਿੱਚ ਚਲਿਆ। 'ਆਪ੍ਰੇਸ਼ਨ ਚਕਰਬਾਂਧਾ' ਬਿਹਾਰ ਦੇ ਗਯਾ ਅਤੇ ਔਰੰਗਾਬਾਦ ਜ਼ਿਲ੍ਹੇ ਵਿੱਚ ਚਲਾਇਆ। ਮਈ 2025 ਵਿੱਚ ਸੁਰੱਖਿਆ ਬਲਾਂ ਨੇ ਨਕਸਲ ਮੁਕਤ ਭਾਰਤ ਦੇ ਸੰਕਲਪ ਵਿੱਚ ਇੱਕ ਇਤਿਹਾਸਕ ਸਫਲਤਾ ਹਾਸਲ ਕਰਦੇ ਹੋਏ ਛੱਤੀਸਗੜ੍ਹ-ਤੇਲੰਗਾਨਾ ਸੀਮਾ 'ਤੇ ਕਰੇਰਗੁੱਟਾਲੂ ਹਿਲ ਵਿੱਚ ਨਕਸਲਵਾਦ ਦੇ ਖਿਲਾਫ ਸਭ ਤੋਂ ਵੱਡੇ ਅਭਿਆਨ ਵਿੱਚ 31 ਨਕਸਲੀਆਂ ਨੂੰ ਮਾਰ ਸੁੱਟਿਆ ਸੀ। ਜਿਸ ਕਰੇਰਗੁੱਟਾਲੂ ਹਿਲ 'ਤੇ ਲਾਲ ਅੱਤਵਾਦ ਦਾ ਰਾਜ ਸੀ ਉੱਥੇ ਹੁਣ ਮਾਣ ਨਾਲ ਤਿਰੰਗਾ ਲਹਿਰਾ ਰਿਹਾ ਹੈ। ਇਹ ਅਜਿਹਾ ਅਭਿਆਨ ਸੀ ਜਿਸ ਨੂੰ ਸੁਰੱਖਿਆ ਬਲਾਂ ਨੇ ਸਿਰਫ 21 ਦਿਨਾਂ ਵਿੱਚ ਪੂਰਾ ਕੀਤਾ। ਇਹ ਹੁਣ ਤੱਕ ਦਾ ਸਭ ਤੋਂ ਵੱਡਾ ਨਕਸਲ ਵਿਰੋਧੀ ਅਭਿਆਨ ਬਣਿਆ ਜਿਸ ਵਿੱਚ ਸੁਰੱਖਿਆ ਬਲਾਂ ਵੱਲੋਂ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ। ਸੁਰੱਖਿਆ ਬਲਾਂ ਨੇ ਇੱਕ ਇਤਿਹਾਸਕ ਉਪਲਬਧੀ ਹਾਸਲ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਮਹਾ ਸਕੱਤਰ ਨੰਬਲਾ ਕੇਸ਼ਵ ਰਾਓ ਉਰਫ ਬਾਸਵਾਰਾਜੂ ਸਮੇਤ 27 ਖਤਰਨਾਕ ਨਕਸਲੀਆਂ ਨੂੰ ਨਾਰਾਇਣਪੁਰ ਵਿੱਚ ਢੇਰ ਕਰ ਦਿੱਤਾ। ਬਾਸਵਾਰਾਜੂ ਮਾਓਵਾਦੀ ਅੰਦੋਲਨ ਦੀ ਰੀੜ੍ਹ ਦੀ ਹੱਡੀ ਸੀ। ਤਿੰਨ ਦਹਾਕੇ ਬਾਅਦ ਮਾਓਵਾਦੀਆਂ ਦਾ ਕੋਈ ਇੰਨਾ ਵੱਡਾ ਨੇਤਾ ਮਾਰਿਆ ਗਿਆ। ਆਪ੍ਰੇਸ਼ਨ ਬਲੈਕ ਫੌਰੈਸਟ ਦੇ ਬਾਅਦ ਵੱਖ-ਵੱਖ ਰਾਜਾਂ ਵਿੱਚ 54 ਮਾਓਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 84 ਨੇ ਆਤਮਸਮਰਪਣ ਕਰ ਦਿੱਤਾ।

### ਵਿਕਾਸ ਦਾ ਹਰਿਤ ਖੇਤਰ ਬਣਦਾ ਰੈੱਡ ਕੌਰੀਡੋਰ

ਪਿਛਲਾ ਇੱਕ ਦਹਾਕਾ ਇੱਕ ਪ੍ਰਕਾਰ ਨਾਲ ਸ਼ਾਂਤੀ ਅਤੇ ਪ੍ਰਗਤੀ ਦਾ ਕਾਲਖੰਡ ਬਣਿਆ ਹੈ। ਲੰਬੇ ਸਮੇਂ ਤੱਕ ਦੇਸ਼ ਕਈ ਤਰ੍ਹਾਂ ਦੀਆਂ ਹਿੰਸਕ ਵਾਰਦਾਤਾਂ ਦਾ ਸ਼ਿਕਾਰ ਸੀ। ਭਾਵੇਂ ਅੱਤਵਾਦ ਹੋਵੇ ਜਾਂ ਨਕਸਲਵਾਦ। ਕੋਈ ਪਹਿਲਾਂ ਤਾਂ ਕੋਈ ਬਾਅਦ ਵਿੱਚ ਸ਼ੁਰੂ ਹੋਇਆ, ਪਰ ਅੱਜ ਨਕਸਲਵਾਦ-ਮਾਓਵਾਦ ਨੂੰ ਜੜ੍ਹ ਤੋਂ ਪੁੱਟ ਕੇ ਦੇਸ਼ ਦੇ ਸੁਰੱਖਿਆ ਬਲਾਂ ਨੇ ਲੋਕਾਂ ਵਿੱਚ ਨਾ ਸਿਰਫ ਮਜ਼ਬੂਤ ਸੁਰੱਖਿਆ ਦਾ ਭਾਵ ਜਗਾਇਆ ਹੈ ਸਗੋਂ ਦੇਸ਼ ਨੂੰ ਤੇਜ਼ ਤਰੱਕੀ ਵੱਲ ਅਗ੍ਰਸਰ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, "ਦੇਸ਼ ਵਿੱਚ ਸੈਂਕੜੇ ਜ਼ਿਲ੍ਹੇ ਨਕਸਲ ਦੀ ਚਪੇਟ ਤੋਂ ਨਿਕਲ ਕੇ ਅੱਜ ਮੁਕਤੀ ਦਾ ਸਾਹ ਲੈ ਰਹੇ ਹਨ।" ਸਾਨੂੰ ਮਾਣ ਹੈ ਕਿ ਬੰਬ ਅਤੇ ਬੰਦੂਕ ਦੇ ਸਾਹਮਣੇ ਦੇਸ਼ ਦਾ ਸੰਵਿਧਾਨ ਜਿੱਤ ਰਿਹਾ ਹੈ, ਸਾਡੇ ਦੇਸ਼ ਦਾ ਸੰਵਿਧਾਨ ਜਿੱਤ ਰਿਹਾ ਹੈ। ਦੇਸ਼ ਦੇ ਉੱਜਵਲ ਭਵਿੱਖ ਦੇ ਲਈ ਸਾਫ ਦਿਖ ਰਿਹਾ ਹੈ ਕਿ ਕੱਲ੍ਹ ਤੱਕ ਜੋ

## ਵਿਸ਼ੇਸ਼ ਕੋਰਟ ਅਤੇ ਜਾਂਚ ਏਜੰਸੀਆਂ

- ਐੱਨਆਈਏ ਨੂੰ ਮਜ਼ਬੂਤ ਕੀਤਾ ਗਿਆ ਅਤੇ ਐੱਲਡਬਲਿਊਈ ਪ੍ਰਭਾਵਿਤ ਰਾਜਾਂ ਵਿੱਚ ਸਟੇਟ ਇਨਵੈਸਟੀਗੇਸ਼ਨ ਏਜੰਸੀਆਂ (ਐੱਸਆਈਏ) ਨੂੰ ਵੀ ਸਥਾਪਿਤ ਕੀਤਾ ਗਿਆ।
- ਛੱਤੀਸਗੜ੍ਹ ਵਿੱਚ ਚਾਰ ਐੱਲਡਬਲਿਊਈ ਸਪੈਸ਼ਲ ਅਦਾਲਤਾਂ ਸ਼ੁਰੂ ਕੀਤੀਆਂ ਅਤੇ ਦੂਸਰੇ ਰਾਜਾਂ ਵਿੱਚ ਵੀ ਐਕਸਕਲੂਸਿਵ ਕੋਰਟ ਸਥਾਪਿਤ ਕੀਤੇ ਗਏ।

**280** ਨਵੇਂ ਕੈਂਪ 2019 ਤੋਂ ਸੁਰੱਖਿਆ ਸਬੰਧੀ ਕਮੀਆਂ ਨੂੰ ਦੂਰ ਕਰਨ ਲਈ ਸਥਾਪਿਤ ਕੀਤੇ ਗਏ, 15 ਨਵੇਂ ਸੰਯੁਕਤ ਕਾਰਜ ਬਲ ਬਣਾਏ ਗਏ ਅਤੇ ਵੱਖ-ਵੱਖ ਰਾਜਾਂ ਵਿੱਚ ਰਾਜ ਪੁਲਿਸ ਦੀ ਸਹਾਇਤਾ ਦੇ ਲਈ 6 ਸੀਆਰਪੀਐੱਫ ਬਟਾਲੀਅਨਾਂ ਨੂੰ ਤੈਨਾਤ ਕੀਤਾ ਗਿਆ।





ਵਰ੍ਹੇ 2014 ਦੇ ਬਾਅਦ ਤੋਂ ਕੀ ਬਦਲਿਆ? ਸੀਏਪੀਐੱਫ ਤਾਂ ਉਹੀ ਹੈ। ਰਾਜ ਪੁਲਿਸ ਵੀ ਉਹੀ ਹੈ। ਵਰ੍ਹੇ 2014 ਦੇ ਬਾਅਦ ਸਪਸ਼ਟ ਨੀਤੀ ਅਤੇ ਮਜ਼ਬੂਤ ਰਾਜਨੀਤਕ ਇੱਛਾ-ਸ਼ਕਤੀ ਇਸ ਕੰਮ ਵਿੱਚ ਜੁੜੀ। ਨਰੇਂਦਰ ਮੋਦੀ ਜੀ ਨੇ ਇਹ ਸਪਸ਼ਟ ਕਰ ਦਿੱਤਾ ਕਿ ਇਸ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਭਾਵੇਂ ਕਸ਼ਮੀਰ ਹੋਵੇ, ਭਾਵੇਂ ਉੱਤਰ-ਪੂਰਬ ਹੋਵੇ, ਭਾਵੇਂ ਖੱਬੇਪੱਖੀ ਅੱਤਵਾਦ ਦਾ ਵਿਸਤਾਰ ਹੋਵੇ, ਗੈਰ-ਕਾਨੂੰਨੀ ਗਤੀਵਿਧੀਆਂ ਨਹੀਂ ਚਲਣਗੀਆਂ। ਇਸ 'ਤੇ ਕਠੋਰਤਾ ਨਾਲ ਕੰਮ ਕੀਤਾ ਜਾਵੇਗਾ।

**- ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

ਰੈੱਡ ਕੌਰੀਡੋਰ ਸਨ, ਉਹ ਅੱਜ ਗ੍ਰੀਨ ਗ੍ਰੋਥ ਜ਼ੋਨ ਵਿੱਚ ਤਬਦੀਲ ਹੁੰਦੇ ਨਜ਼ਰ ਆ ਰਹੇ ਹਨ।" ਨਕਸਲ ਪ੍ਰਭਾਵਿਤ ਰਾਜਾਂ ਵਿੱਚ ਵਿਸ਼ੇਸ਼ ਤੌਰ 'ਤੇ ਛੱਤੀਸਗੜ੍ਹ ਨੇ ਜੋ ਪਰਿਵਰਤਨ ਦੇਖਿਆ ਹੈ, ਉਹ ਅਦਭੁਤ ਅਤੇ ਪ੍ਰੇਰਣਾਦਾਈ ਹੈ। ਕਦੇ ਇਹ ਰਾਜ ਨਕਸਲਵਾਦ ਅਤੇ ਪਿਛੜੇ ਤੌਰ 'ਤੇ ਪਹਿਚਾਣਿਆ ਜਾਂਦਾ ਸੀ। ਅੱਜ ਉਹੀ ਰਾਜ ਖੁਸ਼ਹਾਲੀ, ਸੁਰੱਖਿਆ ਅਤੇ ਟਿਕਾਊਪਣ ਦਾ ਪ੍ਰਤੀਕ ਬਣ ਰਿਹਾ ਹੈ। ਅੱਜ ਬਸਤਰ ਓਲੰਪਿਕ ਦੀ ਚਰਚਾ ਦੇਸ਼ ਦੇ ਕੋਨੇ-ਕੋਨੇ ਵਿੱਚ ਹੈ। ਬੀਜਾਪੁਰ ਦੇ ਚਿਲਕਾਪੱਲੀ ਪਿੰਡ ਵਿੱਚ ਸੱਤ ਦਹਾਕਿਆਂ ਦੇ ਬਾਅਦ ਪਹਿਲੀ ਵਾਰ ਬਿਜਲੀ ਪਹੁੰਚੀ। ਅਬੂਝਮਾੜ ਦੇ ਰੇਕਾਵਯਾ ਪਿੰਡ ਵਿੱਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਸਕੂਲ ਬਣਾਉਣ ਦਾ ਕੰਮ ਸ਼ੁਰੂ ਹੋਇਆ ਹੈ। ਅੱਜ ਉਨ੍ਹਾਂ ਪ੍ਰਭਾਵਿਤ ਖੇਤਰਾਂ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮਾਂ ਦੀ ਹਵਾ ਚੱਲ ਰਹੀ ਹੈ। ਹੁਣ ਲਾਲ ਝੰਡੇ ਦੀ ਥਾਂ ਤਿਰੰਗਾ ਸ਼ਾਨ ਨਾਲ ਲਹਿਰਾ ਰਿਹਾ ਹੈ। ਅੱਜ ਬਸਤਰ ਜਿਹੇ ਖੇਤਰਾਂ ਵਿੱਚ ਡਰ ਨਹੀਂ, ਖੁਸ਼ੀ ਦਾ ਮਾਹੌਲ ਹੈ।

ਇਸ ਵਿੱਚ ਸ਼ੱਕ ਨਹੀਂ ਕਿ 2014 ਦੇ ਬਾਅਦ ਤੋਂ ਕੇਂਦਰ ਸਰਕਾਰ ਨੇ ਪੂਰੀ ਸੰਵੇਦਨਸ਼ੀਲਤਾ ਦੇ ਨਾਲ ਭਟਕੇ ਹੋਏ ਨੌਜਵਾਨਾਂ ਨੂੰ ਮੁੱਖਧਾਰਾ ਵਿੱਚ ਲਿਆਉਣ ਦਾ ਯਤਨ ਕੀਤਾ। ਇਸ ਲਈ ਅਕਤੂਬਰ 2025 ਵਿੱਚ ਇੱਕ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ, ਬੀਤੇ ਦਹਾਕੇ ਵਿੱਚ ਹਜ਼ਾਰਾਂ ਨਕਸਲੀਆਂ ਨੇ ਹਥਿਆਰ ਸੁੱਟੇ ਹਨ। ਮੈਂ ਤੁਹਾਨੂੰ ਪਿਛਲੇ 75 ਘੰਟਿਆਂ ਦਾ ਅੰਕੜਾ ਦਿੰਦਾ ਹਾਂ, ਪਰ ਮੇਰੇ ਜੀਵਨ ਦਾ ਇੱਕ ਬਹੁਤ ਵੱਡਾ ਸੰਤੋਖ ਦਾ ਵਿਸ਼ਾ ਹੈ, ਇਨ੍ਹਾਂ 75 ਘੰਟਿਆਂ ਵਿੱਚ 303 ਨਕਸਲੀਆਂ ਨੇ ਸੈਰੰਡਰ ਕੀਤਾ ਹੈ। ਇੱਕ ਜ਼ਮਾਨੇ ਵਿੱਚ ਜਿਨ੍ਹਾਂ 3 ਨੌਟ 3 ਚਲਦਾ ਸੀ ਨਾ, ਅੱਜ ਉਹ 3 ਨੋਟ 3 ਸੈਰੰਡਰ ਹੋਏ ਹਨ। ਇਹ ਕੋਈ ਆਮ ਨਕਸਲੀ ਨਹੀਂ ਹਨ, ਕਿਸੇ 'ਤੇ 1 ਕਰੋੜ ਦਾ ਇਨਾਮ ਸੀ, ਕਿਸੇ 'ਤੇ 15 ਲੱਖ ਦਾ ਇਨਾਮ ਸੀ, ਕਿਸੇ 'ਤੇ 5 ਲੱਖ ਦਾ ਇਨਾਮ ਸੀ ਅਤੇ ਇਹ ਸਾਰੇ ਦੇ ਸਾਰੇ ਇਨ੍ਹਾਂ ਦੇ ਨਾਮ 'ਤੇ ਇਨਾਮ ਐਲਾਨ ਹੋਏ ਸਨ। ਇਨ੍ਹਾਂ ਨਕਸਲੀਆਂ ਤੋਂ ਬਹੁਤ ਵੱਡੀ ਗਿਣਤੀ ਵਿੱਚ ਹਥਿਆਰ ਵੀ ਬਰਾਮਦ ਹੋਏ ਸਨ। ਇਹ ਸਾਰੇ ਲੋਕ ਬੰਦੂਕ ਅਤੇ ਬੰਬ ਛੱਡ ਕੇ ਭਾਰਤ ਦੇ ਸੰਵਿਧਾਨ ਨੂੰ ਗਲੇ ਲਗਾਉਣ ਦੇ ਲਈ ਤਿਆਰ ਹੋਏ ਹਨ। ਜਦੋਂ ਸੰਵਿਧਾਨ ਲਈ ਪੂਰਨ ਸਮਰਪਿਤ ਸਰਕਾਰ ਹੁੰਦੀ ਹੈ ਤਾਂ ਗਲਤ ਰਸਤੇ 'ਤੇ ਗਿਆ ਵਿਅਕਤੀ ਵੀ ਵਾਪਸ ਆ ਕੇ ਆਪਣੀਆਂ ਅੱਖਾਂ ਨੂੰ ਉਸ ਸੰਵਿਧਾਨ 'ਤੇ ਟਿਕਾ ਦਿੰਦਾ ਹੈ। ਹੁਣ ਉਹ ਵਿਕਾਸ ਦੀ ਮੁੱਖਧਾਰਾ ਵਿੱਚ ਆ ਰਹੇ ਹਨ। ਲੋਕ ਸਵੀਕਾਰ ਕਰ ਰਹੇ ਹਨ ਕਿ ਉਹ ਗਲਤ ਰਸਤੇ 'ਤੇ ਸਨ। ਪੰਜ-ਪੰਜ ਦਹਾਕੇ ਬਿਤਾ ਦਿੱਤੇ, ਜਵਾਨੀ ਖਪਾ ਦਿੱਤੀ ਪਰ ਉਨ੍ਹਾਂ ਨੇ ਜੋ ਸੋਚਿਆ ਸੀ, ਉਹ ਤਬਦੀਲੀ ਨਹੀਂ ਆਈ। ਹੁਣ ਇਹ ਭਾਰਤ ਦੇ ਸੰਵਿਧਾਨ 'ਤੇ ਵਿਸ਼ਵਾਸ ਕਰਦੇ ਹੋਏ ਅੱਗੇ ਵਧਣਗੇ।

# ਰਾਸ਼ਟਰ ਨੀਤੀ ਨਵੇਂ ਭਾਰਤ ਦੀ ਰਾਜਨੀਤੀ ਦਾ ਅਧਾਰ


ਨਵਾਂ ਭਾਰਤ ਇੱਕ ਨਵੇਂ ਆਤਮਵਿਸ਼ਵਾਸ ਨਾਲ ਅੱਗੇ ਵਧ ਰਿਹਾ ਹੈ, ਜੋ ਹੁਣ ਚੁਣੌਤੀਆਂ ਤੋਂ ਘਬਰਾਉਂਦਾ ਨਹੀਂ, ਸਗੋਂ ਟਕਰਾਉਂਦਾ ਹੈ। ਇਹੀ ਕਾਰਨ ਹੈ ਕਿ ਦੇਸ਼ ਹੀ ਨਹੀਂ, ਦੁਨੀਆ ਵਿੱਚ ਵੀ ਗਲਫ ਤੋਂ ਲੈ ਕੇ ਗਲੋਬਲ ਵੈਸਟ ਤੱਕ ਅਤੇ ਗਲੋਬਲ ਸਾਊਥ ਤੋਂ ਲੈ ਕੇ ਗੁਆਂਢੀ ਦੇਸ਼ਾਂ ਤੱਕ, ਭਾਰਤ ਸਾਰਿਆਂ ਦੇ ਲਈ ਭਰੋਸੇਮੰਦ ਸਾਂਝੇਦਾਰ ਹੈ। ਵਰਤਮਾਨ ਆਲਮੀ ਸਥਿਤੀਆਂ ਅਤੇ ਉਸ ਨਾਲ ਨਿਪਟਣ ਦੀਆਂ ਨੀਤੀਆਂ ਦਾ ਜ਼ਿਕਰ ਕਰਦੇ ਹੋਏ ਟੀਵੀ-9 ਸਮਿਟ 2026 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦਿੱਤੇ ਸਪਸ਼ਟ ਸੰਦੇਸ਼...

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਇਹ ਨਵਾਂ ਭਾਰਤ ਹੈ, ਆਪਣੇ ਵਿਕਾਸ ਦੇ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ ਹੈ।

ਦੇਸ਼ ਹਿਤ ਨੂੰ ਪਾਰਟੀ ਹਿਤ ਤੋਂ ਉੱਪਰ ਰੱਖਣਾ ਜ਼ਰੂਰੀ ਹੈ, ਕਿਉਂਕਿ ਰਾਸ਼ਟਰ ਅਤੇ ਉਸ ਦਾ ਵਿਕਾਸ ਰਾਜਨੀਤੀ ਤੋਂ ਉੱਪਰ ਹੁੰਦਾ ਹੈ।

ਦੇਸ਼ ਹਿਤ ਨੂੰ ਸਭ ਤੋਂ ਉੱਪਰ ਰੱਖਣ ਦੀ ਇਹੀ ਪ੍ਰੇਰਣਾ ਭਾਰਤ ਨੂੰ ਵਿਕਸਿਤ ਅਤੇ ਆਤਮਨਿਰਭਰ ਬਣਾਵੇਗੀ।




## ਪ੍ਰਧਾਨ ਮੰਤਰੀ ਦੇ ਸੰਬੋਧਨ ਦੇ ਅੰਸ਼

**ਆਤਮਵਿਸ਼ਵਾਸ ਨਾਲ ਭਰਪੂਰ... ਸਿੱਧੀਆਂ ਵਿੱਚ ਬਦਲਦੇ ਸੰਕਲਪ**

ਭਾਰਤ ਹੁਣ ਚੁਣੌਤੀਆਂ ਨੂੰ ਟਾਲਦਾ ਨਹੀਂ ਹੈ ਸਗੋਂ ਚੁਣੌਤੀਆਂ ਨਾਲ ਟਕਰਾਉਂਦਾ ਹੈ। ਬੀਤੇ 5-6 ਵਰ੍ਹਿਆਂ ਵਿੱਚ ਦੇਖੋ, ਕੋਰੋਨਾ ਦੀ ਮਹਾਮਾਰੀ ਤੋਂ ਬਾਅਦ ਚੁਣੌਤੀਆਂ ਇੱਕ ਤੋਂ ਬਾਅਦ ਇੱਕ ਵਧਦੀਆਂ ਹੀ ਗਈਆਂ ਹਨ। ਅਜਿਹਾ ਕੋਈ ਸਾਲ ਨਹੀਂ ਹੈ, ਜਿਸ ਨੇ ਭਾਰਤ ਦੀ, ਭਾਰਤੀਆਂ ਦੀ ਪ੍ਰੀਖਿਆ ਨਾ ਲਈ ਹੋਵੇ। ਲੇਕਿਨ 140 ਕਰੋੜ ਦੇਸ਼ਵਾਸੀਆਂ ਦੇ ਇਕਜੁੱਟ ਯਤਨਾਂ ਨਾਲ ਭਾਰਤ ਹਰ ਆਫ਼ਤ ਦਾ ਸਾਹਮਣਾ ਕਰਦੇ ਹੋਏ ਅੱਗੇ ਵਧ ਰਿਹਾ ਹੈ। ਪਹਿਲਾਂ ਵੀ ਯੋਜਨਾਵਾਂ ਤਾਂ ਬਣਦੀਆਂ ਸਨ, ਪਰ ਅੱਜ ਫਰਕ ਹੈ, ਅੱਜ ਨਤੀਜੇ ਦਿਖਦੇ ਹਨ। ਪਹਿਲਾਂ ਗਤੀ ਹੌਲੀ ਸੀ, ਅੱਜ ਭਾਰਤ ਫਾਸਟ ਟ੍ਰੈਕ 'ਤੇ ਹੈ। ਪਹਿਲਾਂ ਸੰਭਾਵਨਾਵਾਂ ਵੀ ਹਨ੍ਹੇਰੇ ਵਿੱਚ ਸਨ, ਅੱਜ ਸੰਕਲਪ ਸਿੱਧੀਆਂ ਵਿੱਚ ਬਦਲ ਰਹੇ ਹਨ। ਇਸ ਲਈ ਦੁਨੀਆ ਨੂੰ ਵੀ ਇਹ ਸੰਦੇਸ਼ ਮਿਲ ਰਿਹਾ ਹੈ ਕਿ ਇਹ ਨਵਾਂ ਭਾਰਤ ਹੈ। ਇਹ ਆਪਣੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ ਹੈ।

**ਯੁੱਧ ਦੌਰਾਨ ਦਿਖ ਰਿਹਾ ਸਮਰੱਥ**

ਇਸ ਸਮੇਂ ਯੁੱਧ ਦੀਆਂ ਸਥਿਤੀਆਂ ਵਿੱਚ ਵੀ ਭਾਰਤ ਦੀ ਨੀਤੀ ਅਤੇ ਰਣਨੀਤੀ ਦੇਖ ਕੇ, ਭਾਰਤ ਦੀ ਸਮਰੱਥਾ ਦੇਖ ਕੇ ਦੁਨੀਆ ਦੇ ਕਈ ਦੇਸ਼ ਹੈਰਾਨ ਹਨ। ਸਾਡੇ ਇੱਥੇ ਕਹਾਵਤ ਹੈ, ਸੱਚ ਨੂੰ ਆਂਚ ਨਹੀਂ। 28 ਫਰਵਰੀ ਤੋਂ ਦੁਨੀਆ ਵਿੱਚ ਜੋ ਉਥਲ-ਪੁਥਲ ਮਚੀ ਹੈ, ਇਨ੍ਹਾਂ ਕਠੋਰ ਪ੍ਰਤੀਕੂਲ ਪਰਿਸਥਿਤੀਆਂ ਵਿੱਚ ਵੀ


# ਆਲਮੀ ਉਥਲ-ਪੁਥਲ...

## ਫਿਰ ਵੀ ਵਿਕਾਸ ਦੇ ਰਾਹ 'ਤੇ ਭਾਰਤ

ਦੁਨੀਆ ਦੀ ਹਰ ਉਥਲ-ਪੁਥਲ ਦਰਮਿਆਨ, ਭਾਰਤ ਨੇ ਆਪਣੀ ਪ੍ਰਗਤੀ ਦੀ ਗਤੀ ਨੂੰ ਵੀ ਬਣਾਏ ਰੱਖਿਆ ਹੈ। ਜੇਕਰ ਮੈਂ 28 ਫਰਵਰੀ ਨੂੰ ਯੁੱਧ ਸ਼ੁਰੂ ਹੋਣ ਦੇ ਬਾਅਦ, 23 ਦਿਨਾਂ ਦਾ ਹੀ ਬਿਓਰਾ ਦਿਆਂ, ਤਾਂ ਪੂਰਬ ਤੋਂ ਪੱਛਮ ਤੱਕ, ਉੱਤਰ ਤੋਂ ਦੱਖਣ ਤੱਕ ਦੇਸ਼ ਵਿੱਚ ਹਜ਼ਾਰਾਂ ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਕੰਮ ਹੋਇਆ ਹੈ। ਇਹ ਸਾਰੇ ਕਦਮ ਇਸ ਗੱਲ ਦਾ ਪ੍ਰਮਾਣ ਹਨ ਕਿ ਵਿਕਸਿਤ ਭਾਰਤ ਬਣਾਉਣ ਦੇ ਲਈ ਦੇਸ਼ ਕਿੰਨੀ ਤੇਜ਼ ਗਤੀ ਨਾਲ ਕੰਮ ਕਰ ਰਿਹਾ ਹੈ।

- ਦਿੱਲੀ ਮੈਟਰੋ ਰੇਲ ਦੇ ਮਹੱਤਵਪੂਰਨ ਗਲਿਆਰਿਆਂ ਦਾ ਉਦਘਾਟਨ।
- ਸਿਲਚਰ ਵਿੱਚ ਹਾਈ ਸਪੀਡ ਕੌਰੀਡੋਰ ਦਾ ਨੀਂਹ ਪੱਥਰ।
- ਕੋਟਾ ਵਿੱਚ ਨਵੇਂ ਏਅਰਪੋਰਟ ਦਾ ਨੀਂਹ ਪੱਥਰ।
- ਮਦੁਰਈ ਏਅਰਪੋਰਟ ਨੂੰ ਇੰਟਰਨੈਸ਼ਨਲ ਏਅਰਪੋਰਟ ਦਾ ਦਰਜਾ।
- ਉਦਯੋਗਿਕ ਵਿਕਾਸ ਨੂੰ ਗਤੀ ਦੇਣ ਦੇ ਲਈ ਇੱਕ ਸ਼ਾਨਦਾਰ ਸਕੀਮ ਨੂੰ ਮਨਜ਼ੂਰੀ ਦਿੱਤੀ ਗਈ ਹੈ।

**2028** ਤੱਕ ਜਲ ਜੀਵਨ ਮਿਸ਼ਨ ਨੂੰ ਵਧਾਉਣ ਦਾ ਫੈਸਲਾ ਲਿਆ ਗਿਆ ਹੈ।



- ਪੀਐੱਮ ਕਿਸਾਨ ਸਨਮਾਨ ਨਿਧੀ ਦੇ ਤਹਿਤ 18 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਾਸ਼ੀ ਸਿੱਧਾ ਕਿਸਾਨਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ ਹੈ।
- ਸਾਡੇ ਨਿਰਯਾਤਕ ਜੋ ਐੱਮਐੱਸਐੱਮਈ ਦੇ ਹਨ, ਉਨ੍ਹਾਂ ਦੇ ਲਈ ਕਰੀਬ 500 ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਵੀ ਐਲਾਨ ਕੀਤਾ ਗਿਆ ਹੈ।

# ਮੁਲਾਂਕਣ ਨਾਲ ਕਈ ਸੰਭਾਵਨਾਵਾਂ ਦਾ ਜਨਮ

ਪ੍ਰਬੰਧਨ ਦੀ ਦੁਨੀਆ ਵਿੱਚ ਇੱਕ ਸਿਧਾਂਤ ਕਿਹਾ ਜਾਂਦਾ ਹੈ – What gets measured, gets managed. ਪਰ ਮੈਂ ਇਸ ਵਿੱਚ ਇੱਕ ਗੱਲ ਹੋਰ ਜੋੜਨਾ ਚਾਹੁੰਦਾ ਹਾਂ, What gets measured, gets improved ਅਤੇ ultimately, gets transformed. ਕਿਉਂਕਿ ਮੁਲਾਂਕਣ ਜਾਗਰੂਕਤਾ ਪੈਦਾ ਕਰਦਾ ਹੈ। ਮੁਲਾਂਕਣ ਜਵਾਬਦੇਹੀ ਤੈਅ ਕਰਦਾ ਹੈ ਅਤੇ ਸਭ ਤੋਂ ਮਹੱਤਵਪੂਰਨ ਮੁਲਾਂਕਣ ਸੰਭਾਵਨਾਵਾਂ ਨੂੰ ਜਨਮ ਦਿੰਦਾ ਹੈ। ਜੇਕਰ 2014 ਤੋਂ ਪਹਿਲਾਂ ਦੇ 10-11 ਵਰ੍ਹੇ ਅਤੇ 2014 ਤੋਂ ਬਾਅਦ ਦੇ 10-11 ਵਰ੍ਹਿਆਂ ਦਾ ਤੁਸੀਂ ਮੁਲਾਂਕਣ ਕਰੋਗੇ, ਤਾਂ ਇਹੀ ਪਾਓਗੇ ਕਿ ਕਿਵੇਂ ਇਸੇ ਸਿਧਾਂਤ 'ਤੇ ਚਲਦੇ ਹੋਏ, ਭਾਰਤ ਨੇ ਹਰ ਸੈਕਟਰ ਨੂੰ ਟ੍ਰਾਂਸਫੌਰਮ ਕੀਤਾ ਹੈ। ਜਿਵੇਂ-

**ਦੇਸ਼ ਵਿੱਚ ਰਾਜਮਾਰਗ**

(ਅੰਕੜੇ ਕਿਲੋਮੀਟਰ ਪ੍ਰਤੀਦਿਨ ਵਿੱਚ)

| ਪਹਿਲਾਂ | ਹੁਣ |
|---|---|
| 11-12 | 30 |

**ਪੋਰਟਸ 'ਤੇ ਸ਼ਿਪ ਦਾ ਟਰਨਅਰਾਉਂਡ ਟਾਈਮ**

| ਪਹਿਲਾਂ | ਹੁਣ |
|---|---|
| 5–6 ਦਿਨ | 2 ਦਿਨ ਤੋਂ ਘੱਟ |

**ਦੇਸ਼ ਵਿੱਚ ਸਟਾਰਟਅੱਪ**

| ਪਹਿਲਾਂ | ਹੁਣ |
|---|---|
| 400-500 | 2 ਲੱਖ ਤੋਂ ਜ਼ਿਆਦਾ |

**ਮੈਡੀਕਲ ਸਿੱਖਿਆ (ਐੱਮਬੀਬੀਐੱਸ) ਵਿੱਚ ਸੀਟਾਂ**

ਪਹਿਲਾਂ ਮੈਡੀਕਲ ਸਿੱਖਿਆ ਵਿੱਚ ਸੀਟਾਂ ਵੀ ਸ਼ਾਮਲ ਸਨ

| ਪਹਿਲਾਂ | ਹੁਣ |
|---|---|
| 50,000–55,000 ਹਜ਼ਾਰ | ਸਵਾ ਲੱਖ ਤੋਂ ਜ਼ਿਆਦਾ |

**ਦੇਸ਼ ਵਿੱਚ ਬੈਂਕ ਖਾਤੇ**

| ਪਹਿਲਾਂ | ਹੁਣ |
|---|---|
| 25 ਕਰੋੜ | 55 ਕਰੋੜ ਤੋਂ ਜ਼ਿਆਦਾ |

ਖਾਤੇ ਜਨਧਨ ਯੋਜਨਾ ਵਿੱਚ ਖੁੱਲ੍ਹੇ

**ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ**

| ਪਹਿਲਾਂ | ਹੁਣ |
|---|---|
| 70 ਤੋਂ ਘੱਟ | 160 ਤੋਂ ਜ਼ਿਆਦਾ |

ਭਾਰਤ ਪ੍ਰਗਤੀ ਦੇ, ਵਿਕਾਸ ਦੇ, ਵਿਸ਼ਵਾਸ ਦੇ ਸੰਕਲਪ ਨਾਲ ਅੱਗੇ ਵਧ ਰਿਹਾ ਹੈ। ਇਨ੍ਹਾਂ 23 ਦਿਨਾਂ ਵਿੱਚ ਭਾਰਤ ਨੇ ਆਪਣੀ ਸਬੰਧ ਬਣਾਉਣ ਦੀ ਸਮਰੱਥਾ ਦਿਖਾਈ ਹੈ, ਫੈਸਲੇ ਲੈਣ ਦੀ ਸਮਰੱਥਾ ਦਿਖਾਈ ਹੈ ਅਤੇ ਸੰਕਟ ਪ੍ਰਬੰਧਨ ਸਮਰੱਥਾ ਦਿਖਾਈ ਹੈ।

### ਰਾਸ਼ਟਰ ਹਿਤ, ਸ਼ਾਂਤੀ, ਸੰਵਾਦ ਦੇ ਨਾਲ ਹੈ ਭਾਰਤ

ਅੱਜ ਜਦੋਂ ਦੁਨੀਆ ਇੰਨੀਆਂ ਸਾਰੀਆਂ ਪਾਰਟੀਆਂ ਵਿੱਚ ਵੰਡੀ ਹੋਈ ਹੈ, ਭਾਰਤ ਨੇ ਬੇਮਿਸਾਲ ਅਤੇ ਅਕਲਪਨਾਸ਼ੀਲ ਪੁਲ ਬਣਾਏ ਹਨ। ਗਲਫ ਤੋਂ ਲੈ ਕੇ ਗਲੋਬਲ ਵੈਸਟ ਤੱਕ, ਗਲੋਬਲ ਸਾਊਥ ਤੋਂ ਲੈ ਕੇ ਗੁਆਂਢੀ ਦੇਸ਼ਾਂ ਤੱਕ ਭਾਰਤ ਸਾਰਿਆਂ ਦਾ ਭਰੋਸੇਮੰਦ ਭਾਈਵਾਲ ਹੈ। ਕੁਝ ਲੋਕ ਪੁੱਛਦੇ ਹਨ, ਅਸੀਂ ਕਿਸ ਦੇ ਨਾਲ ਹਾਂ? ਤਾਂ ਉਨ੍ਹਾਂ ਨੂੰ ਮੇਰਾ ਜਵਾਬ ਇਹੀ ਹੈ ਕਿ ਅਸੀਂ ਭਾਰਤ ਦੇ ਨਾਲ ਹਾਂ, ਅਸੀਂ ਭਾਰਤ ਦੇ ਹਿਤਾਂ ਦੇ ਨਾਲ ਹਾਂ, ਸ਼ਾਂਤੀ ਦੇ ਨਾਲ ਹਾਂ, ਸੰਵਾਦ ਦੇ ਨਾਲ ਹਾਂ।

### ਰਾਸ਼ਟਰ ਦਾ ਭਵਿੱਖ ਸਰਬਉੱਚ

ਜਦੋਂ ਰਾਸ਼ਟਰਨੀਤੀ ਹੀ ਰਾਜਨੀਤੀ ਦਾ ਮੁੱਖ ਅਧਾਰ ਹੋਵੇ, ਉਦੋਂ ਦੇਸ਼ ਦਾ ਭਵਿੱਖ ਸਰਬਉੱਚ ਹੁੰਦਾ ਹੈ। ਪਰ ਜਦੋਂ ਰਾਜਨੀਤੀ ਵਿੱਚ ਨਿਜੀ ਸੁਆਰਥ ਹਾਵੀ ਹੋ ਜਾਂਦਾ ਹੈ, ਉਦੋਂ ਲੋਕ ਦੇਸ਼ ਦੇ ਭਵਿੱਖ ਦੀ ਬਜਾਏ ਆਪਣੇ ਭਵਿੱਖ ਬਾਰੇ

## ਪੂਰਬੀ ਭਾਰਤ ਦਾ ਵਿਕਾਸ

ਅੱਜ ਸਾਡਾ ਯਤਨ ਹੈ ਕਿ ਅਤੀਤ ਵਿੱਚ ਵਿਕਾਸ ਦਾ ਜੋ ਅਸੰਤੁਲਨ ਪੈਦਾ ਹੋ ਗਿਆ ਸੀ, ਉਸ ਨੂੰ ਮੌਕਿਆਂ ਵਿੱਚ ਬਦਲਿਆ ਜਾਵੇ। ਪੂਰਬੀ ਭਾਰਤ ਸੰਸਾਧਨਾਂ ਨਾਲ ਲੈਸ ਹੈ, ਦਹਾਕਿਆਂ ਤੱਕ ਉੱਥੇ ਜਿਨ੍ਹਾਂ ਨੇ ਸਰਕਾਰਾਂ ਚਲਾਈਆਂ ਹਨ, ਉਨ੍ਹਾਂ ਦੀ ਅਣਗਹਿਲੀ ਨੇ ਪੂਰਬੀ ਭਾਰਤ ਦੇ ਵਿਕਾਸ 'ਤੇ ਬ੍ਰੇਕ ਲਗਾ ਦਿੱਤੀ ਸੀ। ਹੁਣ ਹਾਲਾਤ ਬਦਲ ਰਹੇ ਹਨ।

- ਅਸਾਮ ਵਿੱਚ ਕਦੇ ਗੋਲੀਆਂ ਦੀ ਆਵਾਜ਼ ਸੁਣਾਈ ਦਿੰਦੀ ਸੀ, ਅੱਜ ਉੱਥੇ ਸੈਮੀਕੰਡਕਟਰ ਯੂਨਿਟ ਬਣ ਰਹੀ ਹੈ।
- ਓਡੀਸ਼ਾ ਵਿੱਚ ਸੈਮੀਕੰਡਕਟਰ ਤੋਂ ਲੈ ਕੇ ਪੈਟਰੋਕੈਮੀਕਲਸ ਤੱਕ ਕਈ ਨਵੇਂ-ਨਵੇਂ ਸੈਕਟਰ ਦਾ ਵਿਕਾਸ ਹੋ ਰਿਹਾ ਹੈ।
- ਬਿਹਾਰ ਵਿੱਚ 6-7 ਦਹਾਕੇ ਵਿੱਚ ਗੰਗਾ ਨਦੀ 'ਤੇ ਇੱਕ ਵੱਡਾ ਪੁਲ ਬਣ ਪਾਇਆ ਸੀ, ਉੱਥੇ ਬਿਹਾਰ ਵਿੱਚ ਪਿਛਲੇ ਇੱਕ ਦਹਾਕੇ ਵਿੱਚ 5 ਤੋਂ ਜ਼ਿਆਦਾ ਨਵੇਂ ਪੁਲ ਬਣਾਏ ਗਏ ਹਨ।
- ਯੂਪੀ ਵਿੱਚ ਕੱਟਾ ਮੈਨੂਫੈਕਚਰਿੰਗ ਦੀਆਂ ਕਹਾਣੀਆਂ ਕਹੀਆਂ ਜਾਂਦੀਆਂ ਸਨ, ਅੱਜ ਯੂਪੀ, ਮੋਬਾਈਲ ਫੋਨ ਮੈਨੂਫੈਕਚਰਿੰਗ ਵਿੱਚ ਦੁਨੀਆ ਵਿੱਚ ਆਪਣੀ ਪਛਾਣ ਬਣਾ ਰਿਹਾ ਹੈ।
- ਪੂਰਬੀ ਭਾਰਤ ਦਾ ਵੱਡਾ ਰਾਜ ਪੱਛਮ ਬੰਗਾਲ, ਇੱਕ ਸਮੇਂ ਵਿੱਚ ਭਾਰਤ ਦੇ ਕਲਚਰ, ਐਜੂਕੇਸ਼ਨ, ਇੰਡਸਟ੍ਰੀ ਅਤੇ ਟ੍ਰੇਡ ਦਾ ਹੱਬ ਹੁੰਦਾ ਸੀ। ਇਹੀ ਵਜ੍ਹਾ ਹੈ ਕਿ ਬੀਤੇ 11 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਇੱਥੇ ਵਿਕਾਸ ਦੇ ਲਈ ਵੱਡੀ ਮਾਤਰਾ ਵਿੱਚ ਨਿਵੇਸ਼ ਕੀਤਾ ਹੈ।



## ਲੋਕਤੰਤਰ ਵਿੱਚ ਵਿਰੋਧ ਅਤੇ ਦੁਸ਼ਮਣੀ ਵਿੱਚ ਫਰਕ

ਜਦੋਂ ਰਾਜਨੀਤੀ ਵਿੱਚ ਵਿਰੋਧ, ਵਿਕਾਸ ਦੇ ਵਿਰੋਧ ਵਿੱਚ ਬਦਲ ਜਾਵੇ, ਜਦੋਂ ਆਲੋਚਨਾ ਦੇਸ਼ ਦੀਆਂ ਉਪਲਬਧੀਆਂ 'ਤੇ ਸਵਾਲ ਚੁੱਕਣ ਲੱਗੇ, ਤਾਂ ਇਹ ਸਿਰਫ ਸਰਕਾਰ ਦਾ ਵਿਰੋਧ ਨਹੀਂ ਰਹਿ ਜਾਂਦਾ, ਇਹ ਦੇਸ਼ ਦੀ ਪ੍ਰਗਤੀ ਨਾਲ ਅਸਹਿਜ ਹੋਣ ਦੀ ਮਾਨਸਿਕਤਾ ਬਣ ਜਾਂਦੀ ਹੈ। ਅੱਜ ਸਥਿਤੀ ਇਹ ਹੈ ਕਿ ਦੇਸ਼ ਦੀ ਹਰ ਸਫਲਤਾ 'ਤੇ ਸਵਾਲ ਚੁੱਕਿਆ ਜਾਂਦਾ ਹੈ, ਹਰ ਯਤਨ ਦੇ ਅਸਫਲ ਹੋਣ ਦੀ ਕਾਮਨਾ ਕੀਤੀ ਜਾਂਦੀ ਹੈ। ਲੋਕਤੰਤਰ ਵਿੱਚ ਵਿਰੋਧ ਜ਼ਰੂਰੀ ਹੁੰਦਾ ਹੈ। ਪਰ ਵਿਰੋਧ ਅਤੇ ਦੁਸ਼ਮਣੀ ਦਰਮਿਆਨ ਇੱਕ ਰੇਖਾ ਹੁੰਦੀ ਹੈ। ਸਰਕਾਰ ਦਾ ਵਿਰੋਧ ਕਰਨਾ ਲੋਕਤੰਤਰੀ ਅਧਿਕਾਰ ਹੈ। ਪਰ ਦੇਸ਼ ਨੂੰ ਬਦਨਾਮ ਕਰਨਾ, ਇਹ ਨੀਅਤ 'ਤੇ ਸਵਾਲ ਖੜ੍ਹਾ ਕਰਦਾ ਹੈ।

- ਕੋਵਿਡ ਦੇ ਸਮੇਂ, ਦੇਸ਼ ਨੇ ਆਪਣੀ ਵੈਕਸੀਨ ਬਣਾਈ, ਤਾਂ ਵਿਰੋਧੀ ਦਲ ਨੇ ਉਸ 'ਤੇ ਵੀ ਸ਼ੰਕਾ ਜਤਾਈ। ਮੇਕ ਇਨ ਇੰਡੀਆ ਦੀ ਗੱਲ ਹੋਈ, ਤਾਂ ਕਿਹਾ ਗਿਆ ਕਿ ਇਹ ਸਫਲ ਨਹੀਂ ਹੋਵੇਗਾ, ਬੱਬਰ ਸ਼ੇਰ ਕਹਿ ਕੇ ਇਸ ਦਾ ਮਜ਼ਾਕ ਉਡਾਇਆ ਗਿਆ।
- ਜਦੋਂ ਦੇਸ਼ ਵਿੱਚ ਡਿਜੀਟਲ ਇੰਡੀਆ ਅਭਿਆਨ ਸ਼ੁਰੂ ਹੋਇਆ, ਤਾਂ ਉਸ ਦਾ ਮਜ਼ਾਕ ਉਡਾਇਆ ਗਿਆ। ਪਰ ਅੱਜ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਵੈਕਸੀਨੇਸ਼ਨ ਡ੍ਰਾਈਵ ਦੀ ਉਦਾਹਰਣ ਹੈ। ਭਾਰਤ ਡਿਜੀਟਲ ਪੇਮੈਂਟ ਵਿੱਚ ਦੁਨੀਆ ਦਾ ਮੋਹਰੀ ਦੇਸ਼ ਹੈ। ਭਾਰਤ ਮੈਨੂਫੈਕਚਰਿੰਗ ਅਤੇ ਸਟਾਰਟਅੱਪ ਵਿੱਚ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ।



- ਗਲੋਬਲ ਏਆਈ ਸਮਿਟ ਵਿੱਚ ਪੂਰੀ ਦੁਨੀਆ ਜੁਟੀ ਸੀ, ਤਾਂ ਅਜਿਹੇ ਵਿਰੋਧੀ ਲੋਕ ਕੱਪੜੇ ਪਾੜ੍ਹਨ ਉੱਥੇ ਪਹੁੰਚ ਗਏ ਸਨ। ਇਨ੍ਹਾਂ ਲੋਕਾਂ ਨੂੰ ਦੇਸ਼ ਦੀ ਇੱਜਤ ਦੀ ਕਿੰਨੀ ਪਰਵਾਹ ਹੈ, ਇਹ ਇਸੇ ਤੋਂ ਪਤਾ ਚਲਦਾ ਹੈ। ਇਸ ਲਈ ਅੱਜ ਜ਼ਰੂਰਤ ਹੈ ਕਿ ਦੇਸ਼ ਹਿਤ ਨੂੰ, ਪਾਰਟੀ ਹਿਤ ਤੋਂ ਉੱਪਰ ਰੱਖਿਆ ਜਾਵੇ ਕਿਉਂਕਿ ਅੰਤ ਵਿੱਚ ਰਾਜਨੀਤੀ ਤੋਂ ਉੱਪਰ, ਰਾਸ਼ਟਰ ਹੁੰਦਾ ਹੈ, ਰਾਸ਼ਟਰ ਦਾ ਵਿਕਾਸ ਹੁੰਦਾ ਹੈ।

ਸੋਚਦੇ ਹਨ। ਤੁਸੀਂ ਜ਼ਰਾ ਯਾਦ ਕਰੋ 2004 ਤੋਂ 2010 ਦਰਮਿਆਨ ਕੀ ਹੋਇਆ ਸੀ? ਜਦੋਂ ਪੈਟਰੋਲ-ਡੀਜ਼ਲ ਅਤੇ ਗੈਸ ਦੀਆਂ ਕੀਮਤਾਂ ਦਾ ਸੰਕਟ ਆਇਆ ਸੀ ਅਤੇ ਤਾਂ ਇੱਕ ਲੱਖ ਅੜਤਾਲੀ ਹਜ਼ਾਰ ਕਰੋੜ ਰੁਪਏ ਦੇ ਆਇਲ ਬਾਂਡ ਜਾਰੀ ਕੀਤੇ ਸਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜੀ ਨੇ ਖੁਦ ਕਿਹਾ ਸੀ ਕਿ ਉਹ ਆਉਣ ਵਾਲੀ ਪੀੜ੍ਹੀ 'ਤੇ ਕਰਜ਼ੇ ਦਾ ਬੋਝ ਪਾ ਰਹੇ ਹਨ। ਉਸ ਬਾਂਡ 'ਤੇ ਰੀ-ਪੇਮੈਂਟ 2020 ਤੋਂ ਬਾਅਦ ਹੋਣੀ ਸੀ। ਬੀਤੇ 5-6 ਵਰ੍ਹਿਆਂ ਵਿੱਚ 1 ਲੱਖ 48 ਹਜ਼ਾਰ ਕਰੋੜ ਰੁਪਏ ਦੀ ਥਾਂ, ਦੇਸ਼ ਨੂੰ 3 ਲੱਖ ਕਰੋੜ ਰੁਪਏ ਤੋਂ ਵੱਧ ਦੀ ਪੇਮੈਂਟ ਕਰਨੀ ਪਈ ਕਿਉਂਕਿ ਇਸ ਵਿੱਚ ਵਿਆਜ ਵੀ ਜੁੜ ਗਿਆ ਸੀ।

### ਸੰਜਮ ਅਤੇ ਸੰਵੇਦਨਸ਼ੀਲਤਾ ਦਾ ਸਮਾਂ

ਅੱਜ ਦੀਆਂ ਵਿਵਸਥਾਵਾਂ ਵਿੱਚ ਕੋਈ ਵੀ ਦੇਸ਼ ਜੰਗਾਂ ਦੇ ਮਾੜੇ ਪ੍ਰਭਾਵ ਤੋਂ ਦੂਰ ਰਹੇ, ਅਜਿਹਾ ਸੰਭਵ ਨਹੀਂ ਹੁੰਦਾ। ਕਈ ਦੇਸ਼ਾਂ ਵਿੱਚ ਤਾਂ ਸਥਿਤੀ ਬਹੁਤ ਗੰਭੀਰ ਹੋ ਚੁੱਕੀ ਹੈ। ਇਹ ਸਮਾਂ ਸੰਜਮ ਦਾ ਹੈ, ਸੰਵੇਦਨਸ਼ੀਲਤਾ ਦਾ ਹੈ। ਅਸੀਂ ਕੋਰੋਨਾ ਮਹਾਸੰਕਟ ਦੌਰਾਨ ਵੀ ਦੇਖਿਆ ਹੈ, ਜਦੋਂ ਦੇਸ਼ਵਾਸੀ ਇਕਜੁੱਟ ਹੋ ਕੇ ਸੰਕਟ ਦਾ ਸਾਹਮਣਾ ਕਰਦੇ ਸਨ, ਤਾਂ ਕਿੰਨੇ ਸਾਰਥਕ ਨਤੀਜੇ ਆਉਂਦੇ ਸਨ। ਇਸੇ ਭਾਵ ਨਾਲ ਅਸੀਂ ਇਸ ਜੰਗ ਤੋਂ ਬਣੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਹੈ।

# ਸੋਧੀ ਹੋਈ ਉਡਾਣ ਯੋਜਨਾ



## ਭਾਰਤ ਉਦਯੋਗਿਕ ਵਿਕਾਸ ਯੋਜਨਾ ਨੂੰ ਮਨਜ਼ੂਰੀ

**ਕੇਂਦਰੀ ਕੈਬਨਿਟ ਨੇ ਸੰਸ਼ੋਧਿਤ ਉਡਾਣ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ ਜਿਸ ਨਾਲ 100 ਨਵੇਂ ਏਅਰਪੋਰਟ, 200 ਹੈਲੀਪੈਡ ਅਤੇ 441 ਹਵਾਈ ਪੱਟੀਆਂ ਦਾ ਨਿਰਮਾਣ ਹੋਵੇਗਾ। ਇਸ ਨਾਲ ਨਵੇਂ ਖੇਤਰਾਂ ਤੱਕ ਹਵਾਈ ਸੇਵਾਵਾਂ ਦਾ ਵਿਸਤਾਰ ਹੋਵੇਗਾ ਅਤੇ ਲੋਕਾਂ ਨੂੰ ਸਹਿਜ, ਪਹੁੰਚਯੋਗ ਹਵਾਈ ਯਾਤਰਾ ਦਾ ਲਾਭ ਮਿਲੇਗਾ। ਨਾਲ ਹੀ, ਭਾਰਤ ਦੇ ਉਦਯੋਗਿਕ ਵਿਕਾਸ ਨੂੰ ਤੇਜ਼ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦੇ ਹੋਏ ਭਾਰਤ ਉਦਯੋਗਿਕ ਵਿਕਾਸ ਯੋਜਨਾ (ਭਵਯ) ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਕਈ ਹੋਰ ਮਹੱਤਵਪੂਰਨ ਪ੍ਰਸਤਾਵਾਂ ਨੂੰ ਵੀ ਦਿੱਤੀ ਗਈ ਮਨਜ਼ੂਰੀ...**

**ਫੈਸਲਾ: ਭਾਰਤ ਸਰਕਾਰ ਦੇ ਬਜਟੀ ਸਹਿਯੋਗ ਨਾਲ 28,840 ਕਰੋੜ ਰੁਪਏ ਦੇ ਕੁੱਲ ਖਰਚ ਦੇ ਨਾਲ ਵਿੱਤ ਵਰ੍ਹੇ 2026-27 ਤੋਂ 2035-36 ਤੱਕ ਦਸ ਵਰ੍ਹਿਆਂ ਦੀ ਮਿਆਦ ਦੇ ਲਈ ਖੇਤਰੀ ਕਨੈਕਟੀਵਿਟੀ ਯੋਜਨਾ – ਸੋਧੀ ਹੋਈ ਉਡਾਣ ਦੀ ਸ਼ੁਰੂਆਤ ਅਤੇ ਲਾਗੂਕਰਨ ਨੂੰ ਮਨਜ਼ੂਰੀ।**

**ਪ੍ਰਭਾਵ:**

- ਜਿੱਥੇ ਹਵਾਈ ਸੰਪਰਕ ਘੱਟ ਹੈ ਜਾਂ ਜੋ ਖੇਤਰ ਹਵਾਈ ਸੇਵਾ ਤੋਂ ਵਾਂਝਾ ਹੈ, ਉੱਥੇ ਖੇਤਰੀ ਹਵਾਈ ਸੰਪਰਕ ਵਿੱਚ ਸੁਧਾਰ ਹੋਵੇਗਾ।
- ਟੀਅਰ-2 ਅਤੇ ਟੀਅਰ-3 ਦਰਜੇ ਦੇ ਸ਼ਹਿਰਾਂ ਵਿੱਚ ਆਰਥਿਕ ਵਿਕਾਸ, ਵਪਾਰ ਅਤੇ ਟੂਰਿਜ਼ਮ ਨੂੰ ਹੁਲਾਰਾ।
- ਆਮ ਨਾਗਰਿਕਾਂ ਦੇ ਲਈ ਸਸਤੀ ਹਵਾਈ ਯਾਤਰਾ ਦੀ ਸੁਵਿਧਾ ਵਧੇਗੀ।
- ਦੂਰ-ਦੁਰਾਡੇ ਅਤੇ ਪਹਾੜੀ ਖੇਤਰਾਂ ਵਿੱਚ ਐਮਰਜੈਂਸੀ ਕਾਰਵਾਈ ਅਤੇ ਸਿਹਤ ਸੇਵਾ ਤੱਕ ਪਹੁੰਚ ਵਿੱਚ ਸੁਧਾਰ।
- ਖੇਤਰੀ ਹਵਾਈ ਅੱਡਿਆਂ ਅਤੇ ਏਅਰਲਾਈਨ ਸੰਚਾਲਕਾਂ ਲਈ ਵੱਧ ਵਿਵਹਾਰਿਕਤਾ ਅਤੇ ਸਥਿਰਤਾ।
- ਆਤਮਨਿਰਭਰ ਭਾਰਤ ਦੇ ਤਹਿਤ ਸਵਦੇਸ਼ੀ ਏਅਰੋਸਪੇਸ ਸੈਕਟਰ ਨੂੰ ਹੁਲਾਰਾ।
- ਵਿਕਸਿਤ ਭਾਰਤ 2047 ਟੀਚੇ ਦੀ ਦਿਸ਼ਾ ਵਿੱਚ ਤਰੱਕੀ।

**ਫੈਸਲਾ: ਭਾਰਤ ਉਦਯੋਗਿਕ ਵਿਕਾਸ ਯੋਜਨਾ (ਭਵਯ) ਰਾਹੀਂ ਨਵੇਂ ਯੁੱਗ ਦੇ ਪਲੱਗ-ਐਂਡ-ਪਲੇ ਉਦਯੋਗਿਕ ਵਿਕਾਸ ਨੂੰ ਮਨਜ਼ੂਰੀ।**

ਪ੍ਰਭਾਵ: ਇਸ ਦੇ ਤਹਿਤ ਦੇਸ਼ ਭਰ ਵਿੱਚ 100 ਪਲੱਗ-ਐਂਡ-ਪਲੇ ਉਦਯੋਗਿਕ ਪਾਰਕ ਵਿਕਸਿਤ ਕਰਨ ਦੇ ਲਈ 33,660 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

- ਯੋਜਨਾ ਦਾ ਉਦੇਸ਼ ਵਿਸ਼ਵ ਪੱਧਰੀ ਉਦਯੋਗਿਕ ਇਨਫ੍ਰਾਸਟ੍ਰਕਚਰ ਵਿਕਸਿਤ ਕਰਨਾ, ਨਿਰਮਾਣ ਦੀ ਸੰਭਾਵਨਾ ਦੇ ਦੁਆਰ ਖੋਲ੍ਹਣਾ ਅਤੇ ਭਾਰਤ ਦੀ ਵਿਕਾਸ ਗਾਥਾ ਨੂੰ ਗਤੀ ਦੇਣਾ ਹੈ।
- ਯੋਜਨਾ ਦੇ ਤਹਿਤ 100 ਤੋਂ 1,000 ਏਕੜ ਤੱਕ ਦੇ ਉਦਯੋਗਿਕ ਪਾਰਕਾਂ ਦਾ ਵਿਕਾਸ ਕੀਤਾ ਜਾਵੇਗਾ। ਪ੍ਰਤੀ ਏਕੜ ਕਰੋੜ ਰੁਪਏ ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।
- ਇਨ੍ਹਾਂ ਪਾਰਕਾਂ ਵਿੱਚ ਆਧੁਨਿਕ ਇਨਫ੍ਰਾਸਟ੍ਰਕਚਰ ਅਤੇ ਵਰਕਰਾਂ ਲਈ ਆਵਾਸ ਸ਼ਾਮਲ ਹੋਣਗੇ।
- ਭਵਯ ਪ੍ਰੋਜੈਕਟ ਨਾਲ ਵੱਡੇ ਪੈਮਾਨੇ 'ਤੇ ਰੁਜ਼ਗਾਰ ਸਿਰਜਣ ਹੋਣ ਦੀ ਉਮੀਦ। ਇਸ ਨਾਲ ਮੈਨੂਫੈਕਚਰਿੰਗ, ਲੌਜਿਸਟਿਕ ਅਤੇ ਸੇਵਾਵਾਂ ਵਿੱਚ ਲੋੜੀਂਦੇ ਪ੍ਰਤੱਖ ਅਤੇ ਅਪ੍ਰਤੱਖ ਰੁਜ਼ਗਾਰ ਪੈਦਾ ਹੋਣਗੇ।

**ਫੈਸਲਾ: ਕਪਾਹ ਕਿਸਾਨਾਂ ਨੂੰ ਪ੍ਰਤੱਖ ਸਹਾਇਤਾ ਪ੍ਰਦਾਨ ਕਰਨ ਦੇ ਉਦੇਸ਼ ਨਾਲ 2023-24 ਦੇ ਸੀਜ਼ਨ ਦੇ ਲਈ ਭਾਰਤੀ ਕਪਾਹ ਨਿਗਮ ਨੂੰ 1,718.56 ਕਰੋੜ ਰੁਪਏ ਦੀ ਐੱਮਐੱਸਪੀ ਫੰਡਿੰਗ ਨੂੰ ਮਨਜ਼ੂਰੀ।**

ਪ੍ਰਭਾਵ: ਇਹ ਫੰਡ ਬਜ਼ਾਰ ਕੀਮਤਾਂ ਐੱਮਐੱਸਪੀ ਤੋਂ ਹੇਠਾਂ ਜਾਣ 'ਤੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਉਚਿਤ ਮੁੱਲ ਦਿਵਾਉਣ ਵਿੱਚ ਮਦਦ ਕਰੇਗਾ।

- ਸੀਸੀਆਈ ਨੇ ਕਪਾਹ ਉਤਪਾਦਕ 11 ਪ੍ਰਮੁੱਖ ਰਾਜਾਂ ਵਿੱਚ ਇੱਕ ਮਜ਼ਬੂਤ ਖਰੀਦ ਨੈੱਟਵਰਕ ਸਥਾਪਿਤ ਕੀਤਾ ਹੈ। ਇਸ ਵਿੱਚ 152 ਜ਼ਿਲ੍ਹਿਆਂ ਵਿੱਚ 508 ਤੋਂ ਵੱਧ ਖਰੀਦ ਕੇਂਦਰ ਕੰਮ ਕਰ ਰਹੇ ਹਨ ਜੋ ਨਿਰਵਿਘਨ ਅਤੇ ਪਹੁੰਚਯੋਗ ਖਰੀਦ ਯਕੀਨੀ ਬਣਾਉਂਦੇ ਹਨ।
- ਐੱਮਐੱਸਪੀ ਨਾਲ ਸਬੰਧਿਤ ਜਾਣਕਾਰੀ ਦਾ ਪ੍ਰਸਾਰ, ਗੱਠਾਂ ਦੀ ਪਛਾਣ ਅਤੇ ਪਤਾ ਲਗਾਉਣ ਦੀ ਪ੍ਰਣਾਲੀ ਦਾ ਲਾਗੂਕਰਨ ਅਤੇ 'ਕੌਟ-ਏਲੀ' ਮੋਬਾਈਲ ਐਪ ਲਾਂਚ ਨਾਲ ਖਰੀਦ ਪ੍ਰਕਿਰਿਆ ਅਤੇ ਕਿਸਾਨਾਂ ਤੱਕ ਬਿਹਤਰ ਪਹੁੰਚ ਸੰਭਵ।
- ਕਪਾਹ ਲਗਭਗ 60 ਲੱਖ ਕਿਸਾਨਾਂ ਦੀ ਆਜੀਵਿਕਾ ਬਣਾਏ ਰੱਖਦੀ ਹੈ। ਪ੍ਰੋਸੈਸਿੰਗ, ਵਪਾਰ ਅਤੇ ਕੱਪੜਾ ਉਦਯੋਗ ਸਮੇਤ ਸਬੰਧਿਤ ਗਤੀਵਿਧੀਆਂ ਵਿੱਚ ਲਗੇ 4 ਤੋਂ 5 ਕਰੋੜ ਲੋਕਾਂ ਦੀ ਸਹਾਇਤਾ ਕਰਦੀ ਹੈ।

**ਫੈਸਲਾ: ਉੱਤਰ ਪ੍ਰਦੇਸ਼ ਵਿੱਚ ਬਾਰਾਂਬੰਕੀ ਤੋਂ ਬਹਿਰਾਇਚ ਤੱਕ 4-ਲੇਨ ਐਕਸੈੱਸ-ਕੰਟਰੋਲਡ ਰਾਸ਼ਟਰੀ ਰਾਜਮਾਰਗ-927 ਦੇ ਨਿਰਮਾਣ ਨੂੰ ਮਨਜ਼ੂਰੀ।**

- **ਲੰਬਾਈ: 101.515 ਕਿਲੋਮੀਟਰ**
- **ਲਾਗਤ: 6,969.04 ਕਰੋੜ ਰੁਪਏ**
- **ਨਿਰਮਾਣ ਮਾਡਲ: ਹਾਈਬ੍ਰਿਡ ਐਨਿਊਟੀ ਮੋਡ**

ਪ੍ਰਭਾਵ: ਬਾਰਾਂਬੰਕੀ ਅਤੇ ਬਹਿਰਾਇਚ ਜ਼ਿਲ੍ਹਿਆਂ ਦੇ ਸ਼ਹਿਰੀ ਖੇਤਰਾਂ ਵਿੱਚ ਸੜਕ ਨਿਰਮਾਣ ਦੀ ਵੱਡੀਆਂ ਖਾਮੀਆਂ, ਤਿੱਖੇ ਮੋੜਾਂ ਅਤੇ ਭੀੜ-ਭੜੱਕੇ ਦੀ ਸਮੱਸਿਆ ਦਾ ਸਮਾਧਾਨ ਹੋਵੇਗਾ।

- ਯਾਤਰਾ ਨੂੰ ਵੱਧ ਸੁਰੱਖਿਅਤ ਅਤੇ ਤੇਜ਼ ਬਣਾਉਣ ਦੇ ਲਈ ਸਮੇਂ ਵਿੱਚ ਕਮੀ ਅਤੇ ਵਾਹਨ ਸੰਚਾਲਨ ਲਾਗਤ ਵਿੱਚ ਕਮੀ ਆਵੇਗੀ।
- ਬਾਰਾਂਬੰਕੀ-ਬਹਿਰਾਇਚ ਦਰਮਿਆਨ ਨਿਰਵਿਘਨ ਕਨੈਕਟੀਵਿਟੀ, ਜਿਸ ਨਾਲ ਆਰਥਿਕ, ਸਮਾਜਿਕ ਅਤੇ ਲੌਜਿਸਟਿਕ ਕੇਂਦਰਾਂ ਨੂੰ ਮਲਟੀ ਮਾਡਲ ਲਿੰਕੇਜ ਮਿਲੇਗਾ।
- ਬਹਿਰਾਇਚ ਅਤੇ ਸ਼੍ਰਾਵਸਤੀ ਖੇਤਰਾਂ ਦੀ ਕਨੈਕਟੀਵਿਟੀ ਵਿੱਚ ਸੁਧਾਰ ਹੋਵੇਗਾ, ਜੋ ਪੀਐੱਮ ਗਤੀ ਸ਼ਕਤੀ ਯੋਜਨਾ ਦੇ ਅਨੁਸਾਰ ਹੈ।
- ਨੇਪਾਲਗੰਜ ਸੀਮਾ ਰਾਹੀਂ ਭਾਰਤ-ਨੇਪਾਲ ਕਨੈਕਟੀਵਿਟੀ ਨੂੰ ਮਜ਼ਬੂਤੀ ਮਿਲੇਗੀ। ਰੁਪਈਡੀਹਾ ਲੈਂਡ ਪੋਰਟ ਤੱਕ ਬਿਹਤਰ ਪਹੁੰਚ ਯਕੀਨੀ ਹੋਵੇਗੀ।

ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।



**ਫੈਸਲਾ: ਵਿੱਤੀ ਵਰ੍ਹੇ 2026-27 ਤੋਂ ਵਿੱਤੀ ਵਰ੍ਹੇ 2030-31 ਦੀ ਮਿਆਦ ਲਈ ਛੋਟੀ ਹਾਈਡ੍ਰੋ ਪਾਵਰ (ਐੱਸਐੱਚਪੀ) ਵਿਕਾਸ ਯੋਜਨਾ ਨੂੰ ਮਨਜ਼ੂਰੀ।**

ਪ੍ਰਭਾਵ: ਇਸ ਦੇ ਤਹਿਤ, ਲਗਭਗ 1,500 ਮੈਗਾਵਾਟ ਸਮਰੱਥਾ ਦੇ ਐੱਸਐੱਚਪੀ ਪ੍ਰੋਜੈਕਟਾਂ ਦੀ ਸਥਾਪਨਾ 'ਤੇ 2,584.60 ਕਰੋੜ ਰੁਪਏ ਖਰਚ ਹੋਣਗੇ।

- ਖਾਸ ਤੌਰ 'ਤੇ ਪਹਾੜੀ ਅਤੇ ਉੱਤਰ ਪੂਰਬੀ ਰਾਜਾਂ ਨੂੰ ਲਾਭ, ਜਿਨ੍ਹਾਂ ਵਿੱਚ ਅਜਿਹੇ ਪ੍ਰੋਜੈਕਟਾਂ ਦੀਆਂ ਅਪਾਰ ਸੰਭਾਵਨਾਵਾਂ ਹਨ।
- ਪ੍ਰੋਜੈਕਟ ਨਿਰਮਾਣ ਦੌਰਾਨ 51 ਲੱਖ ਵਿਅਕਤੀ ਦਿਵਸ ਦਾ ਰੁਜ਼ਗਾਰ ਪੈਦਾ ਹੋਣ ਦੀ ਉਮੀਦ।

**ਫੈਸਲਾ: ਜਲਵਾਯੂ ਪਰਿਵਰਤਨ 'ਤੇ ਸੰਯੁਕਤ ਰਾਸ਼ਟਰ ਫ੍ਰੇਮਵਰਕ ਕਨਵੈਂਸ਼ਨ ਨੂੰ ਸੂਚਿਤ ਕੀਤੇ ਜਾਣ ਵਾਲੇ ਭਾਰਤ ਦੇ ਰਾਸ਼ਟਰੀ ਪੱਧਰ 'ਤੇ ਨਿਰਧਾਰਿਤ ਯੋਗਦਾਨ ਨੂੰ 2031 ਤੋਂ 2035 ਦੀ ਮਿਆਦ ਲਈ ਮਨਜ਼ੂਰੀ।**

ਪ੍ਰਭਾਵ: 2005 ਤੋਂ 2020 ਦੌਰਾਨ ਸਾਡੀ ਨਿਕਾਸੀ ਤੀਬਰਤਾ ਵਿੱਚ 36 ਪ੍ਰਤੀਸ਼ਤ ਦੀ ਕਮੀ ਆਈ ਹੈ। ਹੁਣ ਨਿਕਾਸੀ ਤੀਬਰਤਾ ਵਿੱਚ 2035 ਤੱਕ 47% ਦੀ ਕਮੀ ਦਾ ਟੀਚਾ ਰੱਖਿਆ ਗਿਆ ਹੈ।

- ਦੇਸ਼ ਨੇ ਨਿਰਧਾਰਿਤ ਸਮਾਂ ਸੀਮਾ ਤੋਂ 5 ਵਰ੍ਹੇ ਪਹਿਲਾਂ ਹੀ ਫਰਵਰੀ 2026 ਤੱਕ ਕੁੱਲ ਬਿਜਲੀ ਸਮਰੱਥਾ ਵਿੱਚ ਨੌਨ-ਫੌਸਿਲ ਫਿਊਲ ਅਧਾਰਿਤ ਊਰਜਾ ਸੰਸਾਧਨਾਂ ਦੀ ਹਿੱਸੇਦਾਰੀ 52.57% ਹਾਸਲ ਕਰ ਲਈ ਹੈ।
- ਹੁਣ ਨੌਨ-ਫੌਸਿਲ ਫਿਊਲ ਅਧਾਰਿਤ ਊਰਜਾ ਸੰਸਾਧਨਾਂ ਦੀ ਹਿੱਸੇਦਾਰੀ ਨੂੰ 2035 ਤੱਕ ਵਧਾ ਕੇ 60% ਕਰਨ ਦਾ ਟੀਚਾ ਰੱਖਿਆ ਹੈ।
- ਭਾਰਤ 2005 ਦੇ ਪੱਧਰ ਦੀ ਤੁਲਨਾ ਵਿੱਚ 2035 ਤੱਕ ਜੰਗਲ ਅਤੇ ਰੁੱਖ ਕਵਰ ਰਾਹੀਂ 3.5 ਤੋਂ 4.0 ਬਿਲੀਅਨ ਟਨ ਕਾਰਬਨ ਡਾਈਆਕਸਾਈਡ ਦੇ ਬਰਾਬਰ ਕਾਰਬਨ ਸਿੰਕ ਦਾ ਨਿਰਮਾਣ ਕਰੇਗਾ।
- ਭਾਰਤ ਦੀਆਂ ਇਹ ਵਚਨਬੱਧਤਾਵਾਂ 2047 ਤੱਕ ਵਿਕਸਿਤ ਭਾਰਤ ਅਤੇ 2070 ਤੱਕ ਨੈੱਟ-ਜ਼ੀਰੋ ਦੇ ਟੀਚੇ ਅਨੁਸਾਰ ਹਨ।

**ਫੈਸਲਾ: ਇਮੀਗ੍ਰੇਸ਼ਨ, ਵੀਜ਼ਾ, ਵਿਦੇਸ਼ੀ ਰਜਿਸਟ੍ਰੇਸ਼ਨ ਅਤੇ ਟ੍ਰੈਕਿੰਗ ਸਕੀਮ ਜਾਰੀ ਰੱਖਣ ਦੀ ਮਨਜ਼ੂਰੀ।**

ਪ੍ਰਭਾਵ: ਇਹ ਯੋਜਨਾ 1 ਅਪ੍ਰੈਲ 2026 ਤੋਂ 31 ਮਾਰਚ 2031 ਤੱਕ 5 ਵਰ੍ਹਿਆਂ ਦੇ ਲਈ ਵਧਾਈ ਗਈ ਹੈ ਜਿਸ ਦਾ ਕੁੱਲ ਬਜਟ 1,800 ਕਰੋੜ ਰੁਪਏ ਹੈ।

- **ਮੁੱਖ ਉਦੇਸ਼:** ਸੁਰੱਖਿਅਤ ਅਤੇ ਏਕੀਕ੍ਰਿਤ ਸੇਵਾ ਪ੍ਰਣਾਲੀ ਦੇ ਤਹਿਤ ਇਮੀਗ੍ਰੇਸ਼ਨ ਅਤੇ ਵੀਜ਼ਾ ਸੇਵਾਵਾਂ ਦਾ ਆਧੁਨਿਕੀਕਰਣ ਅਤੇ ਅਪਗ੍ਰੇਡੇਸ਼ਨ।




# ਤਰੱਕੀ ਦੀ ਉਡਾਣ 'ਏਅਰਪੋਰਟ'

ਕਿਸੇ ਵੀ ਦੇਸ਼ ਵਿੱਚ ਏਅਰਪੋਰਟ ਸਿਰਫ ਇੱਕ ਆਮ ਸੁਵਿਧਾ ਨਹੀਂ ਹੁੰਦੀ ਹੈ ਸਗੋਂ ਇਹ ਰਾਜ ਅਤੇ ਦੇਸ਼ ਦੀ ਪ੍ਰਗਤੀ ਨੂੰ ਨਵੀਂ ਉਡਾਣ ਦਿੰਦੇ ਹਨ। ਇਹੀ ਵਜ੍ਹਾ ਹੈ ਕਿ ਵਿਕਸਿਤ ਭਾਰਤ ਦੇ ਲਈ ਆਧੁਨਿਕ ਇਨਫ੍ਰਾਸਟ੍ਰਕਚਰ 'ਤੇ ਕੇਂਦਰ ਸਰਕਾਰ ਬੇਮਿਸਾਲ ਨਿਵੇਸ਼ ਕਰ ਰਹੀ ਹੈ। ਇਸੇ ਕੜੀ ਵਿੱਚ 28 ਮਾਰਚ ਨੂੰ 11,200 ਕਰੋੜ ਰੁਪਏ ਦੇ ਨਿਵੇਸ਼ ਨਾਲ ਵਿਕਸਿਤ ਉੱਤਰ ਪ੍ਰਦੇਸ਼ ਦੇ ਜੇਵਰ ਸਥਿਤ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਪਹਿਲੇ ਪੜਾਅ ਦੇ ਉਦਘਾਟਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਤੋਂ ਵਿਕਸਿਤ 'ਉੱਤਰ ਪ੍ਰਦੇਸ਼, ਵਿਕਸਿਤ ਭਾਰਤ ਅਭਿਆਨ' ਦੇ ਇੱਕ ਨਵੇਂ ਅਧਿਆਏ ਦੀ ਹੋ ਰਹੀ ਹੈ ਸ਼ੁਰੂਆਤ...

ਉੱਤਰ ਪ੍ਰਦੇਸ਼ ਦੇ ਜੇਵਰ ਸਥਿਤ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨੀਂਹ ਪੱਥਰ ਵਰ੍ਹੇ 2021 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰੱਖਿਆ ਸੀ ਅਤੇ ਹੁਣ ਇਸ ਦਾ ਉਦਘਾਟਨ ਵੀ ਉਨ੍ਹਾਂ ਵੱਲੋਂ ਕੀਤਾ ਗਿਆ। ਹਵਾਈ ਅੱਡੇ ਦੇ ਉਦਘਾਟਨ ਦੇ ਨਾਲ ਉੱਤਰ ਪ੍ਰਦੇਸ਼ ਦੇਸ਼ ਵਿੱਚ ਸਭ ਤੋਂ ਵੱਧ ਅੰਤਰਰਾਸ਼ਟਰੀ ਹਵਾਈ ਅੱਡੇ ਵਾਲਾ ਰਾਜ ਬਣ ਗਿਆ ਹੈ। ਇਸ ਏਅਰਪੋਰਟ ਦੇ ਉਦਘਾਟਨ ਦੇ ਨਾਲ ਪ੍ਰਦੇਸ਼ ਵਿੱਚ ਕੁੱਲ ਏਅਰਪੋਰਟ ਦੀ ਸੰਖਿਆ 17 ਜਦਕਿ ਅੰਤਰਰਾਸ਼ਟਰੀ ਏਅਰਪੋਰਟ ਦੀ ਸੰਖਿਆ ਪੰਜ ਹੋ ਗਈ ਹੈ। ਏਅਰਪੋਰਟ ਦੇ ਉਦਘਾਟਨ ਨਾਲ ਆਗਰਾ, ਮਥੁਰਾ, ਅਲੀਗੜ੍ਹ, ਗਾਜ਼ੀਆਬਾਦ, ਮੇਰਠ, ਇਟਾਵਾ, ਬੁਲੰਦਸ਼ਹਿਰ ਅਤੇ ਫਰੀਦਾਬਾਦ ਸਹਿਤ ਵੱਡੇ ਖੇਤਰ ਨੂੰ ਲਾਭ ਹੋਵੇਗਾ। ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ, ਲਘੂ ਅਤੇ ਦਰਮਿਆਨੇ ਉੱਦਮਾਂ ਅਤੇ ਨੌਜਵਾਨਾਂ ਦੇ ਲਈ ਇਹ ਏਅਰਪੋਰਟ ਕਈ ਨਵੇਂ ਮੌਕੇ ਲਿਆਵੇਗਾ। ਇਸ ਏਅਰਪੋਰਟ ਤੋਂ

**ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਕਰੀਬ 29,000 ਕਰੋੜ ਰੁਪਏ ਦੀ ਮਨਜ਼ੂਰੀ ਦੇ ਨਾਲ ਉਡਾਣ ਯੋਜਨਾ ਦਾ ਵਿਸਤਾਰ ਕੀਤਾ ਹੈ। ਇਸ ਦੇ ਤਹਿਤ ਛੋਟੇ ਸ਼ਹਿਰਾਂ ਵਿੱਚ 100 ਨਵੇਂ ਏਅਰਪੋਰਟ ਅਤੇ 200 ਨਵੇਂ ਹੈਲੀਪੈਡ ਬਣਾਏ ਜਾਣਗੇ।**

ਜਹਾਜ਼ ਦੁਨੀਆ ਭਰ ਦੇ ਲਈ ਉਡਾਣ ਭਰਨਗੇ। ਜੇਵਰ ਏਅਰਪੋਰਟ ਨੂੰ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਨੇ 2003 ਵਿੱਚ ਹੀ ਮਨਜ਼ੂਰੀ ਦਿੱਤੀ ਸੀ। ਕੇਂਦਰ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਗਠਨ ਦੇ ਬਾਅਦ ਇਸ ਦੀ ਨੀਂਹ ਰੱਖੀ ਗਈ। ਨਿਰਮਾਣ ਕਾਰਜ ਸ਼ੁਰੂ ਹੋਇਆ ਅਤੇ ਹੁਣ ਇਸ ਦਾ ਸੰਚਾਲਨ ਸ਼ੁਰੂ ਹੋ ਚੁੱਕਿਆ ਹੈ। ਇਸ ਹਵਾਈ ਅੱਡੇ ਦਾ ਨੀਂਹ ਪੱਥਰ ਵਰ੍ਹੇ 2021 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਨੇ ਹੀ ਕੀਤਾ ਸੀ। ਆਲਮੀ ਸੰਕਟ ਦੇ ਦੌਰ ਵਿੱਚ ਵੀ ਭਾਰਤ ਦੀ ਵਿਕਾਸ ਦੀ ਤੇਜ਼ ਗਤੀ 'ਤੇ





## ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਖਾਸੀਅਤ

- ਨੋਇਡਾ ਅੰਤਰਰਾਸ਼ਰੀ ਹਵਾਈ ਅੱਡਾ ਭਾਰਤ ਦੇ ਸਭ ਤੋਂ ਵੱਡੇ ਗ੍ਰੀਨਫੀਲਡ ਹਵਾਈ ਅੱਡੇ ਪ੍ਰੋਜੈਕਟਾਂ ਵਿੱਚੋਂ ਇੱਕ ਹੈ।
- ਏਅਰਪੋਰਟ 'ਤੇ ਇੰਸਟਰੂਮੈਂਟ ਲੈਂਡਿੰਗ ਸਿਸਟਮ (ਆਈਐੱਲਐੱਸ) ਅਤੇ ਉੱਨਤ ਏਅਰਫੀਲਡ ਲਾਈਟਿੰਗ ਸਹਿਤ ਆਧੁਨਿਕ ਨੈਵੀਗੇਸ਼ਨ ਸਿਸਟਮ ਹਨ ਜੋ ਹਰ ਮੌਸਮ ਵਿੱਚ ਦਿਨ-ਰਾਤ ਸੰਚਾਲਨ ਵਿੱਚ ਕੁਸ਼ਲ ਹੈ।
- ਹਵਾਈ ਅੱਡੇ ਨੂੰ ਪ੍ਰਤੀ ਵਰ੍ਹੇ 2.5 ਲੱਖ ਮੀਟ੍ਰਿਕ ਟਨ ਤੋਂ ਵੱਧ ਮਾਲ ਢੁਆਈ ਦੇ ਲਈ ਤਿਆਰ ਕੀਤਾ ਗਿਆ ਹੈ, ਜਿਸ ਨੂੰ ਲਗਭਗ 18 ਲੱਖ ਮੀਟ੍ਰਿਕ ਟਨ ਤੱਕ ਵਧਾਇਆ ਜਾ ਸਕਦਾ ਹੈ।
- ਏਅਰਪੋਰਟ ਨੂੰ ਸੜਕ, ਰੇਲ, ਮੈਟਰੋ ਅਤੇ ਖੇਤਰੀ ਟ੍ਰਾਂਸਪੋਰਟ ਪ੍ਰਣਾਲੀਆਂ ਨਾਲ ਜੁੜਾਅ ਦੇ ਨਾਲ ਇੱਕ ਮਲਟੀ-ਮਾਡਲ ਟ੍ਰਾਂਸਪੋਰਟ ਕੇਂਦਰ ਦੇ ਰੂਪ ਵਿੱਚ ਵਿਕਸਿਤ ਕੀਤਾ ਹੈ।

**₹11,200** ਕਰੋੜ ਰੁਪਏ ਦੇ ਕੁੱਲ ਲਾਗਤ ਨਾਲ ਇਸ ਏਅਰਪੋਰਟ ਨੂੰ ਵਿਕਸਿਤ ਕੀਤਾ ਗਿਆ ਹੈ।

**1.20** ਕਰੋੜ ਯਾਤਰੀ ਪ੍ਰਤੀ ਵਰ੍ਹੇ ਹੋਵੇਗੀ ਸ਼ੁਰੂਆਤੀ ਪੜਾਅ ਵਿੱਚ ਹਵਾਈ ਅੱਡੇ ਦੀ ਯਾਤਰੀ ਸੰਚਾਲਨ ਸਮਰੱਥਾ ਜੋ ਹਵਾਈ ਅੱਡੇ ਦੇ ਪੂਰਨ ਵਿਕਸਿਤ ਹੋਣ 'ਤੇ ਸੱਤ ਕਰੋੜ ਤੱਕ ਪਹੁੰਚ ਜਾਵੇਗੀ।

**3,900** ਮੀਟਰ ਲੰਬਾ ਹੈ ਏਅਰਪੋਰਟ ਦਾ ਰਨਵੇ ਜੋ ਵੱਡੇ ਆਕਾਰ ਦੇ ਜਹਾਜ਼ਾਂ ਦੇ ਸੰਚਾਲਨ ਵਿੱਚ ਸਮਰੱਥ ਹੈ।

> ਸਾਲ 2014 ਤੋਂ ਪਹਿਲਾਂ, ਦੇਸ਼ ਵਿੱਚ ਸਿਰਫ 74 ਏਅਰਪੋਰਟ ਸਨ। ਅੱਜ 160 ਤੋਂ ਵੱਧ ਏਅਰਪੋਰਟ ਦੇਸ਼ ਵਿੱਚ ਹਨ। ਹੁਣ ਮਹਾਨਗਰਾਂ ਤੋਂ ਇਲਾਵਾ, ਦੇਸ਼ ਦੇ ਛੋਟੇ-ਛੋਟੇ ਸ਼ਹਿਰਾਂ ਵਿੱਚ ਵੀ ਹਵਾਈ ਕਨੈਕਟੀਵਿਟੀ ਪਹੁੰਚ ਰਹੀ ਹੈ। ਪਹਿਲਾਂ ਜੋ ਸਰਕਾਰਾਂ ਰਹੀਆਂ ਹਨ, ਉਹ ਮੰਨਦੀਆਂ ਸਨ ਕਿ ਹਵਾਈ ਯਾਤਰਾ ਸਿਰਫ ਅਮੀਰਾਂ ਲਈ ਹੀ ਹੋਣੀ ਚਾਹੀਦੀ ਹੈ। ਪਰ ਹੁਣ ਸਰਕਾਰ ਨੇ ਆਮ ਭਾਰਤੀ ਦੇ ਲਈ ਹਵਾਈ ਯਾਤਰਾ ਨੂੰ ਆਸਾਨ ਬਣਾ ਦਿੱਤੀ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਕੱਲੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਹੀ ਹਾਲ ਦੇ ਹਫਤਿਆਂ ਵਿੱਚ ਇਹ ਚੌਥਾ ਵੱਡਾ ਪ੍ਰੋਜੈਕਟ ਹੈ ਜਿਸ ਦਾ ਜਾਂ ਤਾਂ ਉਦਘਾਟਨ ਕੀਤਾ ਗਿਆ ਹੈ ਜਾਂ ਨੀਂਹ ਰੱਖੀ ਗਈ ਹੈ। ਇਸ ਦੌਰਾਨ ਨੋਇਡਾ ਵਿੱਚ ਇੱਕ ਵੱਡੀ ਸੈਮੀਕੰਡਕਟਰ ਫੈਕਟਰੀ ਦੀ ਨੀਂਹ ਰੱਖੀ ਗਈ, ਦੇਸ਼ ਦੀ ਪਹਿਲੀ ਦਿੱਲੀ-ਮੇਰਠ ਨਮੋ ਭਾਰਤ ਟ੍ਰੇਨ ਨੇ ਰਫਤਾਰ ਪਕੜੀ ਅਤੇ ਮੇਰਠ ਮੈਟਰੋ ਦਾ ਵਿਸਤਾਰ ਹੋਇਆ। ਸੈਮੀਕੰਡਕਟਰ ਫੈਕਟਰੀ ਭਾਰਤ ਨੂੰ ਟੈਕਨੋਲੋਜੀ ਦੇ ਖੇਤਰ ਵਿੱਚ ਆਤਮਨਿਰਭਰ ਬਣਾ ਰਹੀ ਹੈ। ਮੇਰਠ ਮੈਟਰੋ ਅਤੇ ਨਮੋ ਭਾਰਤ ਰੇਲ ਤੇਜ਼ ਅਤੇ ਸਮਾਰਟ ਸੰਪਰਕ ਦਾ ਮਾਧਿਅਮ ਬਣ ਰਹੇ ਹਨ। ਜੇਵਰ ਏਅਰਪੋਰਟ ਪੂਰੇ ਉੱਤਰ ਭਾਰਤ ਨੂੰ ਵਿਸ਼ਵ ਨਾਲ ਜੋੜ ਰਿਹਾ ਹੈ।

ਇਹ ਖੇਤਰ ਹੁਣ ਦੋ ਪ੍ਰਮੁੱਖ ਮਾਲ ਢੁਆਈ ਕੌਰੀਡੋਰਸ ਦਾ ਕੇਂਦਰ ਬਣ ਰਿਹਾ ਹੈ। ਵਿਸ਼ੇਸ਼ ਰੇਲ ਪਟਰੀਆਂ ਮਾਲਗੱਡੀਆਂ ਦੇ ਲਈ ਵਿਛਾਈਆਂ ਗਈਆਂ ਹਨ, ਜਿਨ੍ਹਾਂ ਨਾਲ ਉੱਤਰ ਭਾਰਤ ਦਾ ਬੰਗਾਲ ਅਤੇ ਗੁਜਰਾਤ ਦੇ ਸਮੁੰਦਰਾਂ ਤੱਕ ਸੰਪਰਕ ਵਧਿਆ ਹੈ। ਨਾਲ ਹੀ ਦਾਦਰੀ ਉਹ ਮਹੱਤਵਪੂਰਨ ਕੇਂਦਰ ਹੈ ਜਿੱਥੇ ਇਹ ਦੋਵੇਂ ਗਲਿਆਰੇ ਮਿਲਦੇ ਹਨ। ਇਸ ਦਾ ਅਰਥ ਇਹ ਹੋਇਆ ਕਿ ਇੱਥੇ ਦੇ ਕਿਸਾਨ ਆਪਣੀ ਉਪਜ ਅਤੇ ਉਦਯੋਗ ਆਪਣੇ ਉਤਪਾਦਨ ਨੂੰ ਸੜਕ ਅਤੇ ਹਵਾ ਮਾਰਗ ਰਾਹੀਂ ਵਿਸ਼ਵ ਦੇ ਹਰ ਕੋਨੇ ਤੱਕ ਤੇਜ਼ੀ ਨਾਲ ਪਹੁੰਚਾ ਸਕਦੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਸ ਤਰ੍ਹਾਂ ਦਾ ਬਹੁਆਯਾਮੀ ਸੰਪਰਕ ਉੱਤਰ ਪ੍ਰਦੇਸ਼ ਨੂੰ ਦੁਨੀਆ ਭਰ ਦੇ ਨਿਵੇਸ਼ਕਾਂ ਦੇ ਲਈ ਇੱਕ ਪ੍ਰਮੁੱਖ ਆਕਰਸ਼ਣ ਬਣ ਰਿਹਾ ਹੈ। ਭਾਰਤ ਦੀ ਕੱਚੇ ਤੇਲ 'ਤੇ ਨਿਰਭਰਤਾ ਘੱਟ ਕਰਨ ਵਿੱਚ ਗੰਨਾ ਕਿਸਾਨਾਂ ਦੇ ਯੋਗਦਾਨ ਨੂੰ ਸਵੀਕਾਰ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਗੰਨੇ ਨਾਲ ਉਤਪਾਦਿਤ ਈਥੈਨੌਲ ਦੀ ਮਹੱਤਵਪੂਰਨ ਭੂਮਿਕਾ ਬਾਰੇ ਦੱਸਿਆ। ਉਨ੍ਹਾਂ ਨੇ ਕਿਹਾ ਕਿ ਈਥੈਨੌਲ ਉਤਪਾਦਨ ਵਿੱਚ ਵਾਧਾ ਅਤੇ ਪੈਟਰੋਲ ਵਿੱਚ ਇਸ ਦੇ ਮਿਸ਼ਰਣ ਦੇ ਬਿਨਾ, ਭਾਰਤ ਨੂੰ ਪ੍ਰਤੀ ਵਰ੍ਹੇ ਲਗਭਗ ਸਾਢੇ ਚਾਰ ਕਰੋੜ ਬੈਰਲ (ਲਗਭਗ 700 ਕਰੋੜ ਲੀਟਰ) ਵਾਧੂ ਕੱਚੇ ਤੇਲ ਦਾ ਆਯਾਤ ਕਰਨਾ ਪੈਂਦਾ। ਈਥੈਨੌਲ ਨਾਲ ਨਾ ਸਿਰਫ ਦੇਸ਼ ਨੂੰ ਲਾਭ ਹੋਇਆ ਹੈ, ਸਗੋਂ ਕਿਸਾਨਾਂ ਨੂੰ ਵੀ ਬਹੁਤ ਫਾਇਦਾ ਹੋਇਆ ਹੈ। ਇਸ ਨਾਲ ਲਗਭਗ 1.5 ਲੱਖ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਦੀ ਬੱਚਤ ਹੋਈ ਹੈ।







**ਪ੍ਰੋਗਰਾਮ ਦੀ ਥੀਮ**

'ਸੁਪੋਸ਼ਿਤ ਅਤੇ ਸਿੱਖਿਅਤ ਭਾਰਤ ਤੋਂ ਵਿਕਸਿਤ ਭਾਰਤ ਵੱਲ'

ਰਾਸ਼ਟਰਪਤੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਮੌਕਾ ਸਿਰਜਣ ਦਾ ਮਹੱਤਵਪੂਰਨ ਸਾਧਨ ਸਿੱਖਿਆ

**ਬੱਚੇ ਰਾਸ਼ਟਰ ਦੇ ਭਵਿੱਖ ਹਨ ਅਤੇ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਅਤੇ ਗੁਣਵੱਤਾਪੂਰਨ ਸਿੱਖਿਆ ਮਿਲੇ, ਇਹ ਬਹੁਤ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਸਰਕਾਰ ਨੇ ਬੱਚਿਆਂ ਨੂੰ ਲੋੜੀਂਦਾ ਪੋਸ਼ਣ ਅਤੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਈ ਪਹਿਲਕਦਮੀਆਂ ਕੀਤੀਆਂ ਹਨ। ਕੁਪੋਸ਼ਣ ਦਾ ਹੱਲ ਅਤੇ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਦੇ ਲਈ ਉਤਸ਼ਾਹਿਤ ਕਰਨ ਦੀ ਇਸੇ ਕੜੀ ਵਿੱਚ ਅਕਸ਼ੈ ਪਾਤ੍ਰ ਸੰਗਠਨ ਪਿਛਲੇ 25 ਵਰ੍ਹਿਆਂ ਵਿੱਚ ਨਿਰੰਤਰ ਸਕੂਲਾਂ ਵਿੱਚ ਮਿਡ ਡੇਅ ਮੀਲ ਪਹੁੰਚਾ ਰਹੀ ਹੈ। 17 ਮਾਰਚ ਨੂੰ ਇਸ ਫਾਉਂਡੇਸ਼ਨ ਦੇ ਪੰਜ ਅਰਬਵੇਂ ਭੋਜਨ ਵੰਡ ਦੇ ਜਸ਼ਨ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਹੋਏ ਸ਼ਾਮਲ...**

ਉਪਲਬਧ ਮੌਕਿਆਂ ਦੀ ਦਿਸ਼ਾ ਨਿਰਧਾਰਤ ਕਰਨ ਵਿੱਚ ਸਿੱਖਿਆ ਦੀ ਮਹੱਤਵਪੂਰਨ ਭੂਮਿਕਾ ਹੈ ਇਹੀ ਸਿੱਖਿਆ ਦਾ ਰਾਹ ਵੀ ਪੱਧਰਾ ਕਰਦੀ ਹੈ। ਇਹ ਤਬਦੀਲੀ ਅਤੇ ਸਸ਼ਕਤੀਕਰਣ ਦਾ ਇੱਕ ਪ੍ਰਭਾਵੀ ਮਾਧਿਅਮ ਹੈ। ਸਸ਼ਕਤੀਕਰਣ ਅਤੇ ਸਮਰੱਥਾ ਨਿਰਮਾਣ ਦੀ ਪ੍ਰਕਿਰਿਆ ਬੱਚਿਆਂ ਦੇ ਸਕੂਲ ਜਾਣ ਦੇ ਸ਼ੁਰੂ ਦੇ ਪਲ ਤੋਂ ਹੀ ਆਕਾਰ ਲੈਣਾ ਸ਼ੁਰੂ ਕਰ ਦਿੰਦੀ ਹੈ। ਸਕੂਲ ਬੱਚਿਆਂ ਨੂੰ ਦੈਨਿਕ ਜੀਵਨ ਦੀਆਂ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣਾ ਕਰਨ ਦੇ ਨਾਲ ਹੀ ਜ਼ਿੰਮੇਦਾਰ, ਈਮਾਨਦਾਰ ਨਾਗਰਿਕ ਬਣਨ ਦੇ ਲਈ ਜ਼ਰੂਰੀ ਹੁਨਰ ਅਤੇ ਅਨੁਭਵ ਪ੍ਰਦਾਨ ਕਰਦੇ ਹਨ। ਰਾਸ਼ਟਰਪਤੀ ਭਵਨ ਸੱਭਿਆਚਾਰਕ ਕੇਂਦਰ ਵਿੱਚ ਅਕਸ਼ੈ ਪਾਤ੍ਰ ਫਾਉਂਡੇਸ਼ਨ ਦੇ ਪੰਜ ਅਰਬਵੇਂ ਭੋਜਨ ਵੰਡ ਦੇ ਜਸ਼ਨ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਅਕਸ਼ੈ ਪਾਤ੍ਰ ਫਾਉਂਡੇਸ਼ਨ ਦੀ ਸ਼ਲਾਘਾ ਕੀਤੀ ਜੋ ਪਿਛਲੇ 25 ਵਰ੍ਹਿਆਂ ਵਿੱਚ ਸਕੂਲਾਂ ਵਿੱਚ ਮਿਡ ਡੇਅ ਮੀਲ ਪਹੁੰਚਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅਕਾਦਮਿਕ ਉਦੇਸ਼ਾਂ ਨੂੰ ਅੱਗੇ ਵਧਾਉਣ ਦੇ ਲਈ ਪੰਜ ਅਰਬ ਭੋਜਨ ਪਰੋਸਣਾ ਅਕਸ਼ੈ ਪਾਤ੍ਰ ਫਾਉਂਡੇਸ਼ਨ ਦੀ ਜ਼ਿਕਰਯੋਗ ਉਪਲਬਧੀ ਹੈ।

## ਸਭ ਦੀ ਸਾਂਝੀ ਜ਼ਿੰਮੇਦਾਰੀ ਬੱਚਿਆਂ ਦਾ ਉੱਜਵਲ ਭਵਿੱਖ

ਬੱਚਿਆਂ ਦਾ ਸੁਰੱਖਿਅਤ ਅਤੇ ਉੱਜਵਲ ਭਵਿੱਖ ਸਿਰਫ ਸਰਕਾਰ ਦੀ ਜਵਾਬਦੇਹੀ ਨਹੀਂ ਹੈ, ਸਗੋਂ ਇਹ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਦਾਰੀ



## ਪੋਸ਼ਣ ਅਤੇ ਸਿਹਤ ਸੇਵਾ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਈ ਪਹਿਲਕਦਮੀਆਂ

ਕੇਂਦਰ ਸਰਕਾਰ ਨੇ ਗਰਭਵਤੀ ਮਾਤਾਵਾਂ ਅਤੇ ਬੱਚਿਆਂ ਨੂੰ ਲੋੜੀਂਦਾ ਪੋਸ਼ਣ ਅਤੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਪ੍ਰਧਾਨ ਮੰਤਰੀ ਪੋਸ਼ਣ ਯੋਜਨਾ ਦੇ ਤਹਿਤ ਲਾਗੂ ਸਕੂਲ ਵਿੱਚ ਦੁਪਹਿਰ ਦੇ ਭੋਜਨ ਪ੍ਰੋਗਰਾਮ ਨਾਲ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦੇ ਲਈ ਮਹੱਤਵਪੂਰਨ ਪ੍ਰੋਤਸਾਹਨ ਮਿਲਿਆ ਹੈ। ਕਈ ਅਧਿਐਨਾਂ ਨਾਲ ਇਹ ਸਾਬਤ ਹੋਇਆ ਹੈ ਕਿ ਇਸ ਪ੍ਰੋਗਰਾਮ ਨਾਲ ਬੱਚਿਆਂ ਦੇ ਸਕੂਲ ਵਿੱਚ ਨਾਮਾਂਕਨ, ਮੌਜੂਦਗੀ ਅਤੇ ਸਕੂਲ ਵਿੱਚ ਬਣੇ ਰਹਿਣ ਦੀ ਦਰ ਵਿੱਚ ਵਾਧਾ ਹੋਇਆ ਹੈ। ਨਾਲ ਹੀ, ਉਨ੍ਹਾਂ ਦੀ ਸਿੱਖਣ ਦੀ ਸਮਰੱਥਾ ਅਤੇ ਅਕਾਦਮਿਕ ਪ੍ਰਦਰਸ਼ਨ ਵਿੱਚ ਵੀ ਜ਼ਿਕਰਯੋਗ ਸੁਧਾਰ ਹੋਇਆ ਹੈ। ਅਕਸ਼ੈ ਪਾਤ੍ਰ ਫਾਊਂਡੇਸ਼ਨ 'ਸਮਗ੍ਰ ਸ਼ਿਕਸ਼ਾ ਅਭਿਆਨ' ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ, ਜਿਸ ਦਾ ਟੀਚਾ ਵਰ੍ਹੇ 2030 ਤੱਕ ਸਾਰੇ ਬੱਚਿਆਂ ਦੇ ਲਈ ਗੁਣਵੱਤਾਪੂਰਨ ਅਤੇ ਸਮਾਵੇਸ਼ੀ ਸਿੱਖਿਆ ਯਕੀਨੀ ਬਣਾਉਣਾ ਹੈ।

## ਅਕਸ਼ੈ ਪਾਤ੍ਰ ਫਾਊਂਡੇਸ਼ਨ

### ਰਾਸ਼ਟਰ ਦੇ ਨੌਜਵਾਨਾਂ ਦਾ ਪੋਸ਼ਣ

**2.4** ਲੱਖ ਤੋਂ ਜ਼ਿਆਦਾ ਬੱਚਿਆਂ ਨੂੰ ਹਰ ਦਿਨ ਗਰਮ ਅਤੇ ਪੌਸ਼ਟਿਕ ਭੋਜਨ।

**19** ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਪਹੁੰਚ।

- 23,000 ਤੋਂ ਵੱਧ ਸਕੂਲਾਂ ਅਤੇ ਆਂਗਨਵਾੜੀਆਂ ਨਾਲ ਸਾਂਝੇਦਾਰੀ।
- ਹਰ ਭੋਜਨ ਰਾਹੀਂ ਉਮੀਦ, ਪੋਸ਼ਣ ਅਤੇ ਸਿੱਖਿਆ ਪਹੁੰਚਾਉਣਾ।



### ਪੀਐੱਮ ਪੋਸ਼ਣ ਯੋਜਨਾ

**12** ਕਰੋੜ ਤੋਂ ਵੱਧ ਬੱਚਿਆਂ ਨੂੰ ਹਰ ਦਿਨ ਪਰੋਸਿਆ ਜਾਂਦਾ ਹੈ ਭੋਜਨ, 11 ਲੱਖ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ।

ਹੈ। ਜਦੋਂ ਅਧਿਆਪਕ, ਮਾਤਾ-ਪਿਤਾ, ਸਮਾਜਿਕ ਸੰਗਠਨ, ਕਾਰਪੋਰੇਟ ਜਗਤ ਅਤੇ ਸਮਾਜ ਦੇ ਸਾਰੇ ਵਰਗ ਮਿਲ ਕੇ ਕੰਮ ਕਰਦੇ ਹਨ, ਤਾਂ ਅਸੀਂ ਆਉਣ ਵਾਲੀ ਪੀੜ੍ਹੀ ਦੇ ਲਈ ਇੱਕ ਮਜ਼ਬੂਤ ਨੀਂਹ ਰੱਖ ਸਕਦੇ ਹਾਂ। ਰਾਸ਼ਟਰਪਤੀ ਨੇ ਕਿਹਾ ਕਿ ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਹਰੇਕ ਬੱਚੇ ਨੂੰ ਗੁਣਵੱਤਾਪੂਰਨ ਸਿੱਖਿਆ, ਪੌਸ਼ਟਿਕ ਭੋਜਨ, ਚੰਗੀ ਸਿਹਤ ਅਤੇ ਸਾਫ ਅਤੇ ਸੁਰੱਖਿਅਤ ਵਾਤਾਵਰਣ ਮਿਲੇ। ਇਹ ਬੁਨਿਆਦੀ ਤੱਤ ਬੱਚਿਆਂ ਦੇ ਸਮੁੱਚੇ ਵਿਕਾਸ ਨੂੰ ਸੰਭਵ ਬਣਾਉਂਦੇ ਹਨ।

### ਰਾਸ਼ਟਰ ਦੇ ਉੱਜਵਲ ਭਵਿੱਖ ਦੇ ਨਿਰਮਾਤਾ ਬੱਚੇ

ਬੱਚੇ ਸਿਰਫ ਮੁਫਤ ਭੋਜਨ ਪ੍ਰੋਗਰਾਮ ਦੇ ਲਾਭਪਾਤਰੀ ਨਹੀਂ ਹਨ। ਉਹ ਰਾਸ਼ਟਰ ਦੇ ਉੱਜਵਲ ਭਵਿੱਖ ਦੇ ਨਿਰਮਾਤਾ ਹਨ। ਰਾਸ਼ਟਰਪਤੀ ਨੇ ਕਿਹਾ ਕਿ ਅੱਜ ਬੱਚਿਆਂ ਨੂੰ ਜੋ ਪੌਸ਼ਟਿਕ ਭੋਜਨ ਮਿਲ ਰਿਹਾ ਹੈ, ਉਹ ਰਾਸ਼ਟਰ ਦੀ ਮਨੁੱਖੀ ਪੂੰਜੀ ਵਿੱਚ ਨਿਵੇਸ਼ ਹੈ। ਤੰਦਰੁਸਤ, ਟ੍ਰੇਂਡ ਅਤੇ ਊਰਜਾਵਾਨ ਬੱਚੇ ਭਾਰਤ ਦੇ ਕਾਰਜਬਲ ਦਾ ਨਿਰਮਾਣ ਕਰਨਗੇ ਅਤੇ ਵਰ੍ਹੇ 2047 ਤੱਕ 'ਵਿਕਸਿਤ ਭਾਰਤ' ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

### ਰਾਸ਼ਟਰਪਤੀ ਨੇ ਆਚਾਰਿਆ ਸ੍ਰੀਲ ਪ੍ਰਭੂਪਾਦ ਨੂੰ ਕੀਤਾ ਯਾਦ

ਅਕਸ਼ੈ ਪਾਤਰ ਫਾਊਂਡੇਸ਼ਨ ਪ੍ਰੋਗਰਾਮ ਦੇ ਮੌਕੇ 'ਤੇ, ਰਾਸ਼ਟਰਪਤੀ ਨੇ ਇਸਕੋਨ ਦੇ ਸੰਸਥਾਪਕ ਆਚਾਰੀਆ ਸ਼੍ਰੀਲਾ ਪ੍ਰਭੂਪਾਦ ਨੂੰ ਯਾਦ ਕੀਤਾ। ਉਨ੍ਹਾਂ ਕਿਹਾ, "ਮੈਂ ਇਸਕੋਨ ਦੇ ਸੰਸਥਾਪਕ ਆਚਾਰੀਆ ਸ਼੍ਰੀਲਾ ਪ੍ਰਭੂਪਾਦ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਟ ਕਰਦੀ ਹਾਂ, ਜਿਨ੍ਹਾਂ ਨੇ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਸੀ ਜਿੱਥੇ ਕੋਈ ਵੀ ਭੁੱਖਾ ਨਾ ਰਹੇ।" ਉਨ੍ਹਾਂ ਨੇ ਭਾਰਤੀ ਸੱਭਿਆਚਾਰ ਦੀ ਅੰਨਦਾਨ ਦੀ ਪਰੰਪਰਾ ਨੂੰ ਵਿਸ਼ਵ ਭਰ ਵਿੱਚ ਪਹੁੰਚਾਇਆ ਅਤੇ ਬਿਨਾ ਕਿਸੇ ਭੇਦਭਾਵ ਦੇ ਮੁਫਤ ਭੋਜਨ ਵੰਡ ਨੂੰ ਪ੍ਰੋਤਸਾਹਿਤ ਕੀਤਾ। ਅਜਿਹੀ ਦੂਰਗਾਮੀ ਸੋਚ ਰੱਖਣ ਵਾਲੇ ਮਹਾਨ ਦਿੱਗਜਾਂ ਦੇ ਕਾਰਜਾਂ ਦਾ ਮਿੱਠਾ ਫਲ ਕਈ ਭਾਵੀ ਪੀੜ੍ਹੀਆਂ ਨੂੰ ਮਿਲਦਾ ਹੈ। ਅੱਜ ਇਸੇ ਸੋਚ ਦੇ ਨਾਲ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਰਾਹੀਂ ਲਗਭਗ 80 ਕਰੋੜ ਲੋਕਾਂ ਨੂੰ ਮੁਫਤ ਅਨਾਜ ਉਪਲਬਧ ਕਰਵਾਇਆ ਜਾ ਰਿਹਾ ਹੈ।

# ਸਸ਼ਕਤ ਗ੍ਰਾਮੀਣ, ਸਸ਼ਕਤ ਪੰਚਾਇਤ ਟਿਕਾਊ ਵਿਕਾਸ ਦਾ ਮਜ਼ਬੂਤ ਅਧਾਰ

## ਪੰਚਾਇਤ ਦੇ ਕੋਲ ਹੁਣ ਸਟੀਕ ਜਾਣਕਾਰੀ

ਸਵਾਮਿਤਵ ਯੋਜਨਾ ਤੋਂ ਪਹਿਲਾਂ, ਮੱਧ ਪ੍ਰਦੇਸ਼ ਦੇ ਸੀਹੋਰ ਵਿੱਚ ਬਿਲਕਿਸਗੰਜ ਗ੍ਰਾਮ ਪੰਚਾਇਤ ਹੱਥ ਨਾਲ ਬਣਾਏ ਗਏ ਮੈਪ 'ਤੇ ਨਿਰਭਰ ਸੀ। ਸੇਵਾ ਲਾਗਤ ਦਾ ਅਨੁਮਾਨ ਲਗਾਉਣ ਤੱਕ ਚੁਣੌਤੀਪੂਰਨ ਸੀ। ਸਵਾਮਿਤਵ ਮੈਪ ਤੋਂ ਬਾਅਦ ਪੰਚਾਇਤ ਦੇ ਕੋਲ ਹੁਣ ਸਟੀਕ, ਡੇਟਾ-ਸੰਚਾਲਿਤ ਜਾਣਕਾਰੀ ਹੈ। ਸਵਾਮਿਤਵ ਦੀ ਵਜ੍ਹਾ ਨਾਲ ਵੱਖ-ਵੱਖ ਗਤੀਵਿਧੀਆਂ ਦੇ ਲਈ ਭੂਮੀ ਵੰਡ ਅਤੇ ਵਿਕਾਸ ਯੋਜਨਾਬੰਦੀ ਵਿੱਚ ਸੁਧਾਰ ਹੋਇਆ ਹੈ। ਭੂਮੀ ਦਾ ਪ੍ਰਭਾਵਸ਼ਾਲੀ ਉਪਯੋਗ ਅਤੇ ਬਿਹਤਰ ਸੇਵਾ ਵੰਡ ਸੰਭਵ ਹੋਈ ਹੈ।

## ਪ੍ਰਾਪਰਟੀ ਕਾਰਡ ਦੀ ਵਜ੍ਹਾ ਨਾਲ ਜ਼ਮੀਨ ਵਿਵਾਦ ਖਤਮ

ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਸਵਾਮਿਤਵ ਲਾਭਪਾਤਰੀ ਵੀਰੇਂਦਰ ਕੁਮਾਰ ਪ੍ਰਾਪਰਟੀ ਕਾਰਡ ਮਿਲਣ ਤੋਂ ਬਹੁਤ ਖੁਸ਼ ਹਨ। ਉਨ੍ਹਾਂ ਦੇ ਪਿੰਡ ਵਿੱਚ ਕਈ ਪੀੜ੍ਹੀਆਂ ਯਾਨੀ 100 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਲੋਕ ਰਹਿ ਰਹੇ ਹਨ ਪਰ ਜ਼ਮੀਨ ਦੇ ਕਾਗਜ਼ਾਤ ਨਹੀਂ ਸਨ। ਹੁਣ ਸਵਾਮਿਤਵ ਕਾਰਡ ਮਿਲਣ ਨਾਲ ਲੋਕ ਖੁਸ਼ ਹਨ। ਵੀਰੇਂਦਰ ਦੱਸਦੇ ਹਨ ਕਿ ਸਵਾਮਿਤਵ ਕਾਰਡ ਮਿਲਣ ਨਾਲ ਉਨ੍ਹਾਂ ਦਾ ਜੀਵਨ ਵਿਵਾਦ ਸੁਲਝ ਗਿਆ ਹੈ। ਮੈਂ ਇਸ ਕਾਰਡ ਦੀ ਵਜ੍ਹਾ ਨਾਲ ਜ਼ਮੀਨ ਗਿਰਵੀ ਰੱਖ ਕੇ ਬੈਂਕ ਤੋਂ ਲੋਨ ਲੈ ਸਕਦਾ ਹਾਂ। ਘਰ ਦੀ ਮੁਰੰਮਤ ਕਰਵਾ ਸਕਦਾ ਹਾਂ। ਪਿੰਡ ਵਿੱਚ ਜ਼ਮੀਨ ਵਿਵਾਦ ਦੇ ਝਗੜੇ ਬਹੁਤ ਘੱਟ ਹੋ ਗਏ ਹਨ।

## ਸਵਾਮਿਤਵ ਕਾਰਡ ਤੋਂ ਲੋਨ ਮਿਲਣ ਵਿੱਚ ਹੋਈ ਆਸਾਨੀ

ਮਹਾਰਾਸ਼ਟਰ ਦੇ ਨਾਗਪੁਰ ਦੇ ਸਵਾਮਿਤਵ ਲਾਭਪਾਤਰੀ ਰੋਸ਼ਨ ਸੰਭਾ ਪਾਟਿਲ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਕਾਰਡ ਕਿਵੇ ਮਿਲਿਆ, ਇਸ ਨਾਲ ਉਨ੍ਹਾਂ ਨੂੰ ਕਿਸ ਤਰ੍ਹਾਂ ਮਦਦ ਮਿਲੀ ਅਤੇ ਇਸ ਨਾਲ ਉਨ੍ਹਾਂ ਨੂੰ ਕੀ ਲਾਭ ਹੋਇਆ। ਰੋਸ਼ਨ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ ਪਿੰਡ ਵਿੱਚ ਇੱਕ ਵੱਡਾ, ਪੁਰਾਣਾ ਘਰ ਸੀ ਅਤੇ ਸੰਪੱਤੀ ਕਾਰਡ ਦੀ ਮਦਦ ਨਾਲ ਉਨ੍ਹਾਂ ਨੂੰ 9 ਲੱਖ ਦਾ ਲੋਨ ਮਿਲਿਆ, ਜਿਸ ਦਾ ਉਪਯੋਗ ਉਨ੍ਹਾਂ ਨੇ ਆਪਣੇ ਘਰ ਦੇ ਮੁੜ-ਨਿਰਮਾਣ ਅਤੇ ਖੇਤੀ-ਸਿੰਚਾਈ ਵਿੱਚ ਸੁਧਾਰ ਲਈ ਕੀਤਾ। ਇਸ ਨਾਲ ਉਨ੍ਹਾਂ ਦੀ ਆਮਦਨ ਅਤੇ ਫਸਲ ਦੀ ਪੈਦਾਵਾਰ ਵਿੱਚ ਵਾਧਾ ਹੋਇਆ ਹੈ, ਜੋ ਉਨ੍ਹਾਂ ਦੇ ਜੀਵਨ 'ਤੇ ਸਵਾਮਿਤਵ ਯੋਜਨਾ ਦੇ ਸਕਾਰਾਤਮਕ ਪ੍ਰਭਾਵ ਨੂੰ ਦਰਸਾਉਂਦਾ ਹੈ।

## ਸਵਾਮਿਤਵ ਕਾਰਡ ਮਿਲਣ ਨਾਲ ਵਧਿਆ ਆਤਮਵਿਸ਼ਵਾਸ

ਓਡੀਸ਼ਾ ਦੇ ਰਾਏਗੜ੍ਹ ਦੀ ਸਵਾਮਿਤਵ ਲਾਭਪਾਤਰੀ ਗਜੇਂਦਰ ਸੰਗੀਤਾ ਦੱਸਦੀ ਹੈ ਕਿ ਪਿਛਲੇ 60 ਵਰ੍ਹਿਆਂ ਤੋਂ ਕੋਈ ਉਚਿਤ ਦਸਤਾਵੇਜ਼ ਨਹੀਂ ਸਨ। ਹੁਣ ਸਵਾਮਿਤਵ ਕਾਰਡ ਮਿਲਣ ਨਾਲ ਉਨ੍ਹਾਂ ਦਾ ਆਤਮਵਿਸ਼ਵਾਸ ਵਧਿਆ ਹੈ। ਉਹ ਲੋਨ ਲੈ ਕੇ ਆਪਣੇ ਸਿਲਾਈ ਬਿਜ਼ਨੇਸ ਨੂੰ ਅੱਗੇ ਵਧਾਉਣਾ ਚਾਹੁੰਦੀ ਹੈ।

ਭਾਰਤ ਦੀ ਗ੍ਰਾਮੀਣ ਆਬਾਦੀ, ਪੰਚਾਇਤ ਅਤੇ ਉੱਥੇ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੇ ਲਈ 6 ਵਰ੍ਹੇ ਪਹਿਲਾਂ ਪੰਚਾਇਤੀ ਰਾਜ ਦਿਵਸ 'ਤੇ 24 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਸਵਾਮਿਤਵ ਯੋਜਨਾ ਨਾਲ ਜੁੜੀਆਂ ਇਹ ਕਹਾਣੀਆਂ ਦੱਸ ਰਹੀਆਂ ਹਨ ਕਿ ਇਹ ਗ੍ਰਾਮੀਣ ਭਾਰਤ ਦੇ ਸੁਪਨੇ ਨੂੰ ਕਿਸ ਤਰ੍ਹਾਂ ਨਾਲ ਨਵਾਂ ਆਕਾਰ ਦੇ ਰਹੀਆਂ ਹਨ। ਯੋਜਨਾ ਲਾਂਚ ਕਰਦੇ ਸਮੇਂ ਪੀਐੱਮ ਮੋਦੀ ਨੇ ਕਿਹਾ ਸੀ ਕਿ ਇਸ ਯੋਜਨਾ ਨਾਲ ਪ੍ਰਾਪਰਟੀ ਨੂੰ ਲੈ ਕੇ ਭੁਲੇਖੇ ਦੀ ਸਥਿਤੀ ਦੂਰ ਹੋਵੇਗੀ, ਪਿੰਡ



## ਸਵਾਮਿਤਵ ਯੋਜਨਾ ਦੇ ਮੁੱਖ ਉਦੇਸ਼

- ਸੰਪਤੀਆਂ ਦਾ ਮੁਦਰੀਕਰਣ ਅਸਾਨ ਬਣਾਉਣਾ
- ਬੈਂਕ ਲੋਨ ਮਿਲਣਾ ਅਸਾਨ ਕਰਨਾ।
- ਸੰਪੱਤੀ ਸਬੰਧੀ ਵਿਵਾਦਾਂ ਨੂੰ ਘੱਟ ਕਰਨਾ।
- ਵਿਆਪਕ ਗ੍ਰਾਮੀਣ ਪੱਧਰੀ ਯੋਜਨਾ ਜੋ ਸਹੀ ਮਾਇਨੇ ਵਿੱਚ ਗ੍ਰਾਮ ਸਵਰਾਜ ਨੂੰ ਸਾਕਾਰ ਕਰਨ ਅਤੇ ਗ੍ਰਾਮੀਣ ਭਾਰਤ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਪਹਿਲਾ ਕਦਮ ਹੈ।

## ਸੰਪੱਤੀ ਅਧਿਕਾਰ ਦਾ ਮਿਲਿਆ ਕਾਰਡ

**31** ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਯੋਜਨਾ ਵਿੱਚ ਸ਼ਾਮਲ।

**3.45** ਲੱਖ ਤੋਂ ਵੱਧ ਪਿੰਡ ਸਰਵੇਖਣ ਦੇ ਲਈ ਨੋਟੀਫਾਈ।

**3.29** ਲੱਖ ਪਿੰਡ ਵਿੱਚ ਡ੍ਰੋਨ ਸਰਵੇਖਣ ਦਾ ਕੰਮ ਪੂਰਾ।

**3.10** 1.87 ਲੱਖ ਪਿੰਡਾਂ ਦੇ ਤਿਆਰ ਕੀਤੇ ਗਏ ਹਨ

**2.65** ਕਰੋੜ ਤੋਂ ਵੱਧ ਸੰਪੱਤੀ ਕਾਰਡ ਵੰਡੇ।

ਨੋਟ: ਅੰਕੜੇ 11 ਮਾਰਚ, 2026 ਤੱਕ।





> ਦੇਸ਼ ਨੇ ਸੰਕਲਪ ਲਿਆ ਹੈ ਕਿ ਪਿੰਡ ਅਤੇ ਗ਼ਰੀਬ ਨੂੰ ਆਤਮਨਿਰਭਰ ਬਣਾਉਣਾ, ਭਾਰਤ ਦੇ ਸਮਰੱਥ ਦੀ ਪਹਿਚਾਣ ਬਣਾਉਣਾ ਹੈ।
> ਇਸ ਸੰਕਲਪ ਦੀ ਸਿੱਧੀ ਦੇ ਲਈ ਸਵਾਮਿਤਵ ਯੋਜਨਾ ਦੀ ਭੂਮਿਕਾ ਬਹੁਤ ਵੱਡੀ ਹੈ।
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਵਿੱਚ ਵਿਕਾਸ ਯੋਜਨਾਵਾਂ ਦੀ ਬਿਹਤਰ ਪਲਾਨਿੰਗ ਵਿੱਚ ਹੋਰ ਜ਼ਿਆਦਾ ਮਦਦ ਮਿਲੇਗੀ। ਇਸ ਨਾਲ ਸ਼ਹਿਰਾਂ ਦੀ ਤਰ੍ਹਾਂ ਪਿੰਡਾਂ ਵਿੱਚ ਵੀ ਬੈਂਕਾਂ ਤੋਂ ਲੋਨ ਮਿਲਣ ਦਾ ਰਸਤਾ ਹੋਰ ਅਸਾਨ ਹੋ ਜਾਵੇਗਾ। ਇਹ ਸਾਰੇ ਲਾਭ ਸਫਲਤਾ ਦੀਆਂ ਕਹਾਣੀਆਂ ਵਿੱਚ ਲਾਭਪਾਤਰੀ ਖੁਦ ਗਿਣਵਾ ਰਹੇ ਹਨ। ਭੂਮੀ ਮਲਕੀਅਤ ਦੀਆਂ ਸਦੀਆਂ ਪੁਰਾਣੀਆਂ ਚੁਣੌਤੀਆਂ ਨੂੰ ਵਿਕਾਸ ਅਤੇ ਸਸ਼ਕਤੀਕਰਣ ਦੇ ਮੌਕਿਆਂ ਵਿੱਚ ਬਦਲ ਰਹੀ ਹੈ। ਜ਼ਮੀਨ ਵਿਵਾਦਾਂ ਨੂੰ ਸੁਲਝਾ ਰਹੀ ਹੈ। ਗ੍ਰਾਮੀਣ ਭਾਰਤ ਵਿੱਚ ਲੋਕਾਂ ਦੇ ਕੋਲ ਜੋ ਸੰਪੱਤੀ ਹੈ, ਉਸ ਨੂੰ ਆਰਥਿਕ ਤਰੱਕੀ ਦੇ ਲਈ ਇੱਕ ਸ਼ਕਤੀਸ਼ਾਲੀ ਉਪਕਰਣ ਦੇ ਰੂਪ ਵਿੱਚ ਬਦਲ ਰਹੀ ਹੈ। ਹਾਈ-ਟੈੱਕ ਡ੍ਰੋਨ ਸਰਵੇਖਣ ਤੋਂ ਲੈ ਕੇ ਡਿਜੀਟਲ ਸੰਪੱਤੀ ਕਾਰਡ ਤੱਕ, ਇਹ ਯੋਜਨਾ ਸਿਰਫ ਨਕਸ਼ੇ ਅਤੇ ਸੀਮਾਵਾਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਸੁਪਨਿਆਂ ਨੂੰ ਨਵੀਂ ਉੱਚਾਈ ਦੇ ਰਹੀ ਹੈ। ਨਵੀਨਤਾ ਨਾਲ ਜੁੜੇ ਇਸ ਬਦਲਾਵ ਨੂੰ ਜਿਵੇਂ-ਜਿਵੇਂ ਪਿੰਡ ਅਪਣਾਉਂਦੇ ਹਨ, ਉਸ ਪਿੰਡ ਦੇ ਲਈ ਇਹ ਸਰਕਾਰੀ ਪਹਿਲ ਬਹੁਤ ਵਧ ਕੇ ਲਾਭਕਾਰੀ ਸਾਬਤ ਹੋ ਰਿਹਾ ਹੈ। ਇਹ ਆਤਮਨਿਰਭਰਤਾ, ਬਿਹਤਰ ਯੋਜਨਾ ਅਤੇ ਇੱਕ ਮਜ਼ਬੂਤ, ਏਕੀਕ੍ਰਿਤ ਗ੍ਰਾਮੀਣ ਭਾਰਤ ਦੇ ਲਈ ਪਰਿਵਰਤਨਕਾਰੀ ਸਾਬਤ ਹੋ ਰਿਹਾ ਹੈ।

ਭਾਰਤ ਦੀ ਸੁਤੰਤਰਤਾ ਦੇ ਬਾਅਦ ਨੀਤੀ ਨਿਰਦੇਸ਼ਕ ਸਿਧਾਂਤਾਂ ਦੇ ਤਹਿਤ ਸੰਵਿਧਾਨ ਦੇ ਆਰਟੀਕਲ 40 ਵਿੱਚ ਕਿਹਾ ਗਿਆ ਹੈ ਕਿ ਰਾਜ, ਗ੍ਰਾਮ ਪੰਚਾਇਤਾਂ

# ਪੰਚਾਇਤੀ ਰਾਜ ਦੀ ਸ਼ੁਰੂਆਤ... 24 ਅਪ੍ਰੈਲ ਨੂੰ ਹੈ ਪੰਚਾਇਤੀ ਰਾਜ ਦਿਵਸ

- ਭਾਰਤੀ ਪੰਚਾਇਤੀ ਰਾਜ ਵਿਵਸਥਾ ਦੀਆਂ ਜੜ੍ਹਾਂ ਦੇਸ਼ ਦੇ ਇਤਿਹਾਸ ਅਤੇ ਸੱਭਿਆਚਾਰ ਵਿੱਚ ਹੈ। ਭਾਰਤ ਦੇ ਸਭ ਤੋਂ ਪੁਰਾਣੇ ਪਵਿੱਤਰ ਗ੍ਰੰਥਾਂ ਅਤੇ ਇਤਿਹਾਸਕ ਸਰੋਤਾਂ ਵਿੱਚੋਂ ਇੱਕ ਰਿਗਵੇਦ ਵਿੱਚ ਪਿੰਡ ਦੇ ਭਾਈਚਾਰਿਆਂ ਦਾ ਜ਼ਿਕਰ ਹੈ ਜੋ ਹਜ਼ਾਰਾਂ ਵਰ੍ਹਿਆਂ ਤੋਂ ਸਵੈ-ਸ਼ਾਸਿਤ ਸਨ।
- 1957 ਵਿੱਚ ਪੰਚਾਇਤੀ ਰਾਜ ਦੀ ਸਥਾਪਨਾ ਵਿੱਚ ਇਤਿਹਾਸਕ ਸਫਲਤਾ ਉਸ ਸਮੇਂ ਮਿਲੀ ਜਦੋਂ ਬਲਵੰਤ ਰਾਏ ਮੇਹਤਾ ਦੀ ਪ੍ਰਧਾਨਗੀ ਵਾਲੀ ਟੀਮ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਭਾਈਚਾਰਕ ਕੰਮਾਂ ਵਿੱਚ ਲੋਕਾਂ ਦੀ ਭਾਗੀਦਾਰੀ ਵਿਧਾਨਕ ਪ੍ਰਤੀਨਿਧੀ ਸੰਸਥਾਵਾਂ ਰਾਹੀਂ ਯੋਜਨਾਬੱਧ ਕੀਤੀ ਜਾਣੀ ਚਾਹੀਦੀ ਹੈ।
- ਹਾਲਾਕਿ, ਸਹੀ ਮਾਇਨੇ ਵਿੱਚ ਆਜ਼ਾਦੀ ਦੇ ਬਾਅਦ ਪੰਚਾਇਤੀ ਰਾਜ ਵਿਵਸਥਾ ਸਭ ਤੋਂ ਪਹਿਲਾਂ 2 ਅਕਤੂਬਰ, 1959 ਨੂੰ ਰਾਜਸਥਾਨ ਵਿੱਚ, ਜੈਪੁਰ ਤੋਂ 260 ਕਿਲੋਮੀਟਰ ਦੂਰ ਨਾਗੌਰ ਤੋਂ ਲਾਗੂ ਕੀਤੀ ਗਈ ਸੀ।



- ਵਰ੍ਹੇ 1978 ਵਿੱਚ ਅਸ਼ੋਕ ਮੇਹਤਾ ਕਮੇਟੀ ਨੇ ਰਿਪੋਰਟ ਵਿੱਚ ਸਿਫਾਰਸ਼ ਕੀਤੀ ਕਿ ਪੰਚਾਇਤੀ ਰਾਜ ਨੂੰ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਵੇ।
- ਕੇਂਦਰ ਸਰਕਾਰ ਨੇ 22 ਅਤੇ 23 ਦਸੰਬਰ, 1992 ਨੂੰ ਪੰਚਾਇਤ ਅਤੇ ਨਗਰਪਾਲਿਕਾ ਨਾਲ ਸਬੰਧਿਤ ਦੋ ਵਿਧਾਇਕ ਸੰਸਦ ਦੇ ਦੋਵੇਂ ਸਦਨ ਵਿੱਚ ਪੇਸ਼ ਕੀਤੇ। ਰਾਸ਼ਟਰਪਤੀ ਤੋਂ ਪ੍ਰਵਾਨਗੀ ਦੇ ਬਾਅਦ ਇਹ ਸੰਵਿਧਾਨ (73ਵਾਂ ਸੰਸ਼ੋਧਨ) ਐਕਟ, 1992 ਦੇ ਰੂਪ ਵਿੱਚ 24 ਅਪ੍ਰੈਲ, 1993 ਵਿੱਚ ਲਾਗੂ ਕੀਤਾ ਗਿਆ।
- ਸੰਵਿਧਾਨ (74ਵਾਂ ਸੰਸ਼ੋਧਨ) ਐਕਟ, 1992 ਦੇ ਰੂਪ ਵਿੱਚ 1 ਜੂਨ, 1993 ਨੂੰ ਲਾਗੂ ਕੀਤਾ ਗਿਆ ਜਿਸ ਵਿੱਚ ਸਥਾਨਕ ਸੰਸਥਾਵਾਂ ਦੇ ਲਈ ਪ੍ਰਾਵਧਾਨ ਕੀਤੇ ਗਏ।

**ਅੱਜ 2.6 ਲੱਖ ਪੰਚਾਇਤਾ ਲੋਕਾਂ ਦਾ ਸਮਾਜਿਕ ਅਤੇ ਰਾਜਨੀਤਕ ਸਸ਼ਕਤੀਕਰਣ ਯਕੀਨੀ ਬਣਾ ਕੇ ਭਾਰਤੀ ਲੋਕਤੰਤਰ ਦੀ ਨੀਂਹ ਮਜ਼ਬੂਤ ਕਰ ਰਹੀ ਹੈ। ਇਸ ਵਿੱਚ 24.24 ਲੱਖ ਚੁਣੇ ਹੋਏ ਪ੍ਰਤੀਨਿਧੀ ਹਨ ਜਿਸ ਵਿੱਚ ਲਗਭਗ 49.55% ਮਹਿਲਾਵਾਂ ਹਨ।**



ਨੂੰ ਸੰਗਠਿਤ ਕਰਨ ਅਤੇ ਉਨ੍ਹਾਂ ਨੂੰ ਅਜਿਹੀ ਸ਼ਕਤੀ ਅਤੇ ਅਧਿਕਾਰ ਪ੍ਰਦਾਨ ਕਰੇਗਾ ਜੋ ਉਨ੍ਹਾਂ ਨੂੰ ਸਵੈ-ਸ਼ਾਸਨ ਦੀਆਂ ਇਕਾਈਆਂ ਦੇ ਰੂਪ ਵਿੱਚ ਕੰਮ ਕਰਨ ਵਿੱਚ ਸਮਰੱਥ ਬਣਾਉਣ ਦੇ ਲਈ ਜ਼ਰੂਰੀ ਹੋਣ। ਸ਼ੁਰੂਆਤ ਤੋਂ ਸਵ-ਸ਼ਾਸਨ ਨੂੰ ਪੰਚਾਇਤੀ ਰਾਜ ਦਾ ਸਾਰ ਮੰਨਿਆ ਗਿਆ ਹੈ। ਇਹ ਪੰਚਾਇਤੀ ਰਾਜ ਵਿਵਸਥਾ 1992 ਵਿੱਚ ਕੀਤੇ ਗਏ ਇੱਕ ਸੰਵਿਧਾਨ ਸੰਸ਼ੋਧਨ ਦੇ 1993 ਵਿੱਚ ਲਾਗੂ ਕੀਤੇ ਜਾਣ ਦੇ ਨਾਲ ਸੰਵਿਧਾਨ ਦਾ ਹਿੱਸਾ ਬਣੀ। ਪੁਰਾਣੀ ਵਿਵਸਥਾ ਵਿੱਚ ਦਹਾਕਿਆਂ ਤੱਕ, ਭਾਰਤ ਵਿੱਚ ਕਈ ਗ੍ਰਾਮੀਣ ਘਰਾਂ ਅਤੇ ਜ਼ਮੀਨਾਂ ਦਾ ਯੋਜਨਾਬੱਧ ਰਿਕਾਰਡ ਨਹੀਂ ਰੱਖਿਆ ਗਿਆ ਸੀ। ਕਾਨੂੰਨੀ ਦਸਤਾਵੇਜ਼ਾਂ ਦੀ ਘੱਟ ਵਿੱਚ ਲੋਕ ਮਲਕੀਅਤ ਸਾਬਤ ਨਹੀਂ ਕਰ ਪਾਉਂਦੇ ਸਨ ਅਤੇ ਨਾ ਹੀ ਬੈਂਕ ਲੋਨ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਦੇ ਲਈ ਆਪਣੀ ਸੰਪੱਤੀ ਦਾ ਉਪਯੋਗ ਕਰ ਪਾਉਂਦੇ ਸਨ। ਰਿਕਾਰਡ ਦੀ ਇਸ ਕਮੀ ਨੇ ਗ੍ਰਾਮੀਣ ਖੇਤਰਾਂ ਦੇ ਆਰਥਿਕ ਵਿਕਾਸ ਨੂੰ ਹੌਲੀ ਕਰ ਦਿੱਤਾ ਅਤੇ ਭੂਮੀ ਵਿਵਾਦਾਂ ਨੂੰ ਜਨਮ ਦਿੱਤਾ। ਇਨ੍ਹਾਂ ਸਾਰੀਆਂ ਦਿੱਕਤਾਂ ਨੂੰ ਦੂਰ ਕਰਨ ਦੇ ਲਈ 24 ਅਪ੍ਰੈਲ, 2020 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਵਾਮਿਤਵ ਯੋਜਨਾ ਦੀ ਸ਼ੁਰੂਆਤ ਕੀ ਜੋ ਅੱਜ ਗ੍ਰਾਮੀਣ ਭਾਰਤ ਦੀ ਆਰਥਿਕ ਤਰੱਕੀ ਨੂੰ ਨਵੀਂ ਗਤੀ ਦੇ ਰਿਹਾ ਹੈ।

ਵਿੱਤ ਮੰਤਰਾਲੇ ਦੇ ਜਨਤਕ ਸੁਰੱਖਿਆ ਪੋਰਟਲ ਦੇ ਅੰਕੜੇ ਦੱਸਦੇ ਹਨ ਕਿ ਫਰਵਰੀ, 2026 ਤੱਕ 10,193 ਸੰਪੱਤੀ ਕਾਰਡ ਧਾਰਕਾਂ ਨੂੰ ਕਰੀਬ 1,680 ਕਰੋੜ ਰੁਪਏ ਦੇ ਲੋਨ ਵੰਡੇ ਜਾ ਚੁੱਕੇ ਹਨ। ਪੰਚਾਇਤੀ ਰਾਜ ਮੰਤਰਾਲੇ ਦੇ ਅਨੁਸਾਰ ਸੰਪੱਤੀ ਕਾਰਡ ਨੂੰ ਲੈ ਕੇ ਰਾਜਾਂ ਤੋਂ ਸਫਲਤਾ ਦੀਆਂ ਕਈ ਜਾਣਕਾਰੀਆਂ ਮਿਲੀਆਂ ਹਨ ਜਿਨ੍ਹਾਂ ਵਿੱਚ ਸਵਾਮਿਤਵ ਯੋਜਨਾ ਦੇ ਲਾਭਪਾਤਰੀਆਂ ਨੇ ਗ੍ਰਹਿ ਨਿਰਮਾਣ, ਵਾਹਨ ਖਰੀਦ, ਬਿਜ਼ਨੇਸ ਵਿਸਤਾਰ, ਡੇਅਰੀ ਬਿਜ਼ਨੇਸ ਦੇ ਵਿਸਤਾਰ ਦੇ ਲਈ ਸਵਾਮਿਤਵ ਕਾਰਡ ਦਾ ਉਪਯੋਗ ਕਰਕੇ ਬੈਂਕਾਂ ਤੋਂ ਲੋਨ ਮਿਲੇ ਹਨ।

# ਜਨਤਾ ਦਾ ਹਿਤ
# ਸਭ ਤੋਂ ਉੱਪਰ



ਪ੍ਰਧਾਨ ਮੰਤਰੀ ਮੋਦੀ ਦਾ ਸੰਸਦ ਵਿੱਚ ਸੰਬੋਧਨ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਪੱਛਮੀ ਏਸ਼ੀਆ ਵਿੱਚ ਵਧ ਰਹੇ ਤਣਾਅ ਅਤੇ ਈਰਾਨ- ਇਜ਼ਰਾਇਲ –ਅਮਰੀਕਾ ਦੇ ਦਰਮਿਆਨ ਜਾਰੀ ਸੰਘਰਸ਼ ਨੇ ਆਲਮੀ ਪੱਧਰ 'ਤੇ ਚਿੰਤਾ ਵਧਾ ਦਿੱਤੀ ਹੈ। ਅਜਿਹੇ ਔਖੇ ਸਮੇਂ ਵਿੱਚ ਜਦੋਂ ਵਿਸ਼ਵ ਵਿਆਪੀ ਵਿਵਸਥਾ ਡਗਮਗਾ ਰਹੀ ਹੈ ਤਾਂ ਭਾਰਤ ਨੇ ਇੱਕ ਵਾਰ ਫਿਰ ਆਪਣੀ ਸੂਝ-ਬੂਝ, ਸੰਜਮ ਨਾਲ ਦੂਰਦਰਸ਼ਿਤਾ ਦਾ ਪਰੀਚੈ ਦਿੱਤਾ ਹੈ। ਸੰਕਟ ਦੀ ਆਹਟ ਮਿਲਦੇ ਹੀ ਦੇਸ਼ ਨੇ ਨਾ ਸਿਰਫ਼ ਆਪਣੀਆਂ ਤਿਆਰੀਆਂ ਨੂੰ ਮਜ਼ਬੂਤ ਕੀਤਾ ਹੈ, ਸਗੋਂ ਇਹ ਵੀ ਯਕੀਨੀ ਬਣਾਇਆ ਹੈ ਕਿ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਜਾਂ ਅਸਥਿਰਤਾ ਜਨਤਕ- ਜੀਵਨ ਨੂੰ ਪ੍ਰਭਾਵਿਤ ਨਾ ਕਰ ਸਕੇ। ਕੋਵਿਡ ਕਾਲ ਵਿੱਚ ਭਾਰਤ ਨੇ ਅਜਿਹਾ ਕਰਕੇ ਦਿਖਾਇਆ ਹੈ, ਇਸ ਲਈ ਮੌਜੂਦਾ ਸਮੇਂ ਸੰਕਟ 'ਤੇ ਕੇਂਦਰ ਸਰਕਾਰ ਨੇ ਟਿਕਾਊ ਨਿਗਰਾਨੀ ਦੇ ਲਈ ਅੰਤਰ- ਮੰਤਰਾਲਾ ਕਮੇਟੀ ਬਣਾਈ ਜੋ ਕਿ ਇੱਕ ਪਾਸੇ ਰੋਜ਼ਾਨਾ ਦੇਸ਼ ਨੂੰ ਜਾਣਕਾਰੀ ਦੇ ਰਹੀ ਹੈ, ਤਾਂ ਦੂਜੇ ਪਾਸੇ ਸੰਸਦ ਦੇ ਦੋਵੇਂ ਸਦਨਾਂ ਦੇ ਜ਼ਰੀਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਸ਼ਟਰ ਨੂੰ ਸੁਨੇਹਾ ਦਿੱਤਾ ਕਿ ਭਾਰਤ ਸਿਰਫ਼ ਚੁਣੌਤੀਆਂ ਦਾ ਸਾਹਮਣਾ ਹੀ ਨਹੀਂ ਕਰਦਾ, ਸਗੋਂ ਉਨ੍ਹਾਂ ਨੂੰ ਮੌਕੇ ਵਿੱਚ ਬਦਲਣ ਦੀ ਸਮਰੱਥਾ ਵੀ ਰੱਖਦਾ ਹੈ, ਇੱਕ ਅਜਿਹਾ ਰਾਸ਼ਟਰ, ਜੋ ਹਰ ਸੰਕਟ ਵਿੱਚ ਹੋਰ ਜ਼ਿਆਦਾ ਮਜ਼ਬੂਤ ਹੋ ਕੇ ਉੱਭਰਦਾ ਹੈ ......**

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਅਤੇ ਇਸ ਦੀ ਵਜ੍ਹਾ ਨਾਲ ਆਈਆਂ ਚੁਣੌਤੀਆਂ ਨਾਲ ਵਿਸ਼ਵ ਦੇ ਵੱਡੇ ਹਿੱਸੇ ਵਿੱਚ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਯੁੱਧ ਦੀ ਵਜ੍ਹਾ ਨਾਲ ਪੂਰੇ ਵਿਸ਼ਵ ਦੀ ਅਰਥਵਿਵਸਥਾ ਅਤੇ ਲੋਕਾਂ ਦੇ ਜੀਵਨ ਦੇ ਉਲਟ ਅਸਰ ਪੈ ਰਿਹਾ ਹੈ। ਭਾਰਤ ਦੇ ਸਾਹਮਣੇ ਵੀ ਇਸ ਯੁੱਧ ਨੇ ਅਪ੍ਰਤੱਖ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਇਹ ਚੁਣੌਤੀ ਆਰਥਿਕ, ਰਾਸ਼ਟਰੀ ਸੁਰੱਖਿਆ ਅਤੇ ਮਨੁੱਖਤਾ ਨਾਲ ਜੁੜੀ ਵੀ ਹੈ। ਅਜਿਹਾ ਇਸ ਲਈ ਕਿਉਂਕਿ ਯੁੱਧ ਵਿੱਚ ਸ਼ਾਮਲ ਅਤੇ ਯੁੱਧ ਨਾਲ ਪ੍ਰਭਾਵਿਤ ਦੇਸ਼ਾਂ ਦੇ ਨਾਲ ਭਾਰਤ ਦੇ ਵਿਆਪਕ ਅਤੇ ਵਪਾਰਕ ਰਿਸ਼ਤੇ ਹਨ। ਜਿਸ ਖੇਤਰ ਵਿੱਚ ਯੁੱਧ ਹੋ ਰਿਹਾ ਹੈ ਉਹ ਦੁਨੀਆ ਦੇ ਦੂਜੇ ਦੇਸ਼ਾਂ ਦੇ ਨਾਲ ਸਾਡੇ ਵਪਾਰ ਦਾ ਵੀ ਮਹੱਤਵਪੂਰਨ ਰਾਹ ਹੈ। ਵਿਸ਼ੇਸ਼ ਤੌਰ 'ਤੇ ਕੱਚੇ ਤੇਲ ਅਤੇ ਗੈਸ ਦੀਆਂ ਜ਼ਰੂਰਤਾਂ ਦਾ ਇੱਕ ਵੱਡਾ ਹਿੱਸਾ

## ਭਾਰਤੀਆਂ ਦੀ ਸੁਰੱਖਿਆ ਨੂੰ ਤਰਜੀਹ

ਜਦੋਂ ਤੋਂ ਯੁੱਧ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਪ੍ਰਭਾਵਿਤ ਦੇਸ਼ਾਂ ਵਿੱਚ ਹਰ ਭਾਰਤੀ ਨੂੰ ਜ਼ਰੂਰੀ ਮਦਦ ਦਿੱਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਦ ਪੱਛਮੀ ਏਸ਼ੀਆ ਦੇ ਜ਼ਿਆਦਾਤਰ ਦੇਸ਼ਾਂ ਦੇ ਰਾਸ਼ਟਰ ਪ੍ਰਮੁੱਖਾਂ ਦੇ ਨਾਲ ਦੋ ਰਾਊਂਡ ਫੋਨ 'ਤੇ ਗੱਲਬਾਤ ਕੀਤੀ ਹੈ। ਸਾਰਿਆਂ ਨੇ ਭਾਰਤੀਆਂ ਦੀ ਸੁਰੱਖਿਆ ਦਾ ਪੂਰਾ ਭਰੋਸਾ ਦਿੱਤਾ ਹੈ। ਪ੍ਰਭਾਵਿਤ ਦੇਸ਼ਾਂ ਵਿੱਚ ਜਿੰਨੇ ਵੀ ਮਿਸ਼ਨ ਹਨ ਉਹ ਨਿਰੰਤਰ ਭਾਰਤੀਆਂ ਦੀ ਮਦਦ ਕਰਨ ਵਿੱਚ ਜੁਟੇ ਹਨ। ਉੱਥੇ ਕੰਮ ਕਰਨ ਵਾਲੇ ਭਾਰਤੀ ਹੋਣ ਜਾਂ ਫਿਰ ਜੋ ਟੂਰਿਸਟ ਉੱਥੇ ਗਏ ਹਨ, ਸਾਰਿਆਂ ਨੂੰ ਹਰ ਸੰਭਵ ਮਦਦ ਦਿੱਤਾ ਜਾ ਰਹੀ ਹੈ। ਭਾਰਤ ਵਿੱਚ ਅਤੇ ਹੋਰ ਪ੍ਰਭਾਵਿਤ ਦੇਸ਼ਾਂ ਵਿੱਚ 24/7 ਕੰਟਰੋਲ ਰੂਪ ਅਤੇ ਐਮਰਜੈਂਸੀ ਹੈਲਪ ਲਾਈਨ ਸਥਾਪਿਤ ਕੀਤੀ ਗਈ ਹੈ। ਯੁੱਧ ਸ਼ੁਰੂ ਹੋਣ ਦੇ ਬਾਅਦ ਤੋਂ ਲੈ ਕੇ ਹੁਣ ਤੱਕ, 3 ਲੱਖ 75 ਹਜ਼ਾਰ ਤੋਂ ਵੱਧ ਭਾਰਤੀ ਸੁਰੱਖਿਅਤ ਦੇਸ਼ ਵਾਪਸ ਆ ਚੁੱਕੇ ਹਨ। ਈਰਾਨ ਤੋਂ ਹੀ ਹਾਲੇ ਤੱਕ ਲਗਭਗ 1000 ਭਾਰਤੀ ਸੁਰੱਖਿਅਤ ਵਾਪਸ ਆਏ ਹਨ। ਇਨ੍ਹਾਂ ਵਿੱਚ 700 ਤੋਂ ਜ਼ਿਆਦਾ ਮੈਡੀਕਲ ਦੀ ਪੜ੍ਹਾਈ ਕਰਨ ਵਾਲੇ ਨੌਜਵਾਨ ਹਨ।

ਇਹੀ ਖੇਤਰ ਪੂਰਾ ਕਰਦਾ ਹੈ। ਇਹ ਖੇਤਰ ਇੱਕ ਹੋਰ ਕਾਰਨ ਨਾਲ ਵੀ ਅਹਿਮ ਹੈ, ਲਗਭਗ ਇੱਕ ਕਰੋੜ ਭਾਰਤੀ ਖਾੜ੍ਹੀ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਉੱਥੇ ਕੰਮ ਕਰਦੇ ਹਨ। ਉੱਥੇ ਸਮੁੰਦਰ ਵਿੱਚ ਜੋ ਵਪਾਰਕ ਜਹਾਜ਼ ਚਲਦੇ ਹਨ, ਉਨ੍ਹਾਂ ਵਿੱਚ ਇੰਡੀਅਨ ਕਰੂ ਮੈਂਬਰਾਂ ਦੀ ਗਿਣਤੀ ਵੀ ਜ਼ਿਆਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅਜਿਹੇ ਵੱਖ- ਵੱਖ ਕਾਰਨਾਂ ਦੇ ਚਲਦੇ ਭਾਰਤ ਦੀਆਂ ਚਿੰਤਾਵਾਂ ਸੁਭਾਵਿਕ ਤੌਰ 'ਤੇ ਵੱਧ ਹਨ, ਇਸ ਲਈ ਇਹ ਲਾਜ਼ਮੀ ਹੈ ਕਿ ਭਾਰਤ ਦੀ ਸੰਸਦ ਤੋਂ, ਇਸ ਸੰਕਟ ਨੂੰ ਲੈ ਕੇ ਇਕਮਤ ਅਤੇ ਇਕਜੁੱਟ ਆਵਾਜ਼ ਦੁਨੀਆ ਵਿੱਚ ਜਾਵੇ।

## ਸਧਾਰਣ ਪਰਿਵਾਰਾਂ ਨੂੰ ਹੋਵੇ ਘੱਟ ਤੋਂ ਘੱਟ ਪਰੇਸ਼ਾਨੀ

ਭਾਰਤ ਵਿੱਚ ਵੱਡੀ ਮਾਤਰਾ ਵਿੱਚ ਕੱਚਾ ਤੇਲ, ਗੈਸ ਅਤੇ ਫਰਟੀਲਾਈਜ਼ਰ ਜਿਹੀਆਂ ਕਈ ਜ਼ਰੂਰੀ ਚੀਜ਼ਾਂ ਹੋਰਮੁਜ਼ ਸਟ੍ਰੇਟ ਦੇ ਰਸਤੇ ਤੋਂ ਆਉਂਦੀਆਂ ਹਨ। ਯੁੱਧ ਦੇ ਬਾਅਦ ਤੋਂ ਹੋਰਮੁਜ਼ ਸਟ੍ਰੇਟ ਵਿੱਚ ਜਹਾਜ਼ਾਂ ਦਾ ਆਉਣਾ-ਜਾਣਾ ਬਹੁਤ ਚੁਣੌਤੀਪੂਰਨ ਹੋ ਗਿਆ ਹੈ। ਬਾਵਜੂਦ ਇਸ ਦੇ, ਕੇਂਦਰ ਸਰਕਾਰ ਦੀ ਇਹ ਕੋਸ਼ਿਸ਼ ਰਹੀ ਹੈ ਕਿ ਪੈਟਰੋਲ, ਡੀਜ਼ਲ ਅਤੇ ਗੈਸ ਦੀ ਸਪਲਾਈ ਵਧੇਰੇ ਪ੍ਰਭਾਵਿਤ ਨਾ ਹੋਵੇ। ਦੇਸ਼ ਦੇ ਸਧਾਰਣ ਪਰਿਵਾਰਾਂ ਨੂੰ ਪਰੇਸ਼ਾਨੀ ਘੱਟ ਤੋਂ ਘੱਟ ਹੋਵੇ, ਇਸ 'ਤੇ ਫੋਕਸ ਰਿਹਾ ਹੈ। ਦੇਸ਼ ਆਪਣੀ ਜ਼ਰੂਰਤ ਦਾ 60% ਐੱਲਪੀਜੀ ਆਯਾਤ ਕਰਦਾ ਹੈ, ਇਸ ਦੀ ਸਪਲਾਈ ਵਿੱਚ ਅਨਿਸ਼ਚਿਤਤਾ ਦੇ ਕਾਰਨ ਸਰਕਾਰ ਨੇ ਐੱਲਪੀਜੀ ਦੀ ਘਰੇਲੂ ਵਰਤੋਂ ਨੂੰ ਤਰਜੀਹ ਦਿੱਤੀ ਹੈ। ਨਾਲ ਹੀ ਦੇਸ਼ ਵਿੱਚ ਹੀ ਐੱਲਪੀਜੀ ਦੇ ਉਤਪਾਦਨ ਨੂੰ ਵੀ ਵਧਾਇਆ ਜਾ ਰਿਹਾ ਹੈ। ਪੈਟਰੋਲ, ਡੀਜ਼ਲ ਦੀ ਸਪਲਾਈ ਪੂਰੇ ਦੇਸ਼ ਵਿੱਚ ਸੁਚਾਰੂ ਰੂਪ ਨਾਲ ਹੁੰਦੀ ਰਹੇ, ਇਸ 'ਤੇ ਵੀ ਲਗਾਤਾਰ ਕੰਮ ਕੀਤਾ ਗਿਆ ਹੈ। ਭਾਰਤ 11 ਵਰ੍ਹੇ ਪਹਿਲਾਂ ਕਰੂਡ ਆਇਲ, ਐੱਲਐੱਨਜੀ, ਐੱਲਪੀਜੀ ਜਿਹੀ ਊਰਜਾ 27 ਦੇਸ਼ਾਂ ਤੋਂ ਆਯਾਤ ਕਰਦਾ ਸੀ, ਉੱਥੇ ਹੀ ਅੱਜ ਭਾਰਤ 41 ਦੇਸ਼ਾਂ ਤੋਂ ਊਰਜਾ ਆਯਾਤ ਕਰਦਾ ਹੈ। ਅੱਜ ਭਾਰਤ ਕੋਲ 53 ਲੱਖ ਮੀਟ੍ਰਿਕ ਟਨ ਤੋਂ ਵੱਧ ਦਾ ਰਣਨੀਤਕ ਪੈਟਰੋਲੀਅਮ ਭੰਡਾਰ ਅਤੇ 65 ਲੱਖ ਮੀਟ੍ਰਿਕ ਟਨ ਤੋਂ ਜ਼ਿਆਦਾ ਦੇ ਰਿਜ਼ਰਵ ਦੀ ਵਿਵਸਥਾ 'ਤੇ ਕੰਮ ਕਰ ਰਿਹਾ ਹੈ। ਤੇਲ ਕੰਪਨੀਆਂ ਦੇ ਕੋਲ ਜੋ ਰਿਜ਼ਰਵ ਰਹਿੰਦਾ ਹੈ, ਉਹ ਵੱਖਰਾ ਹੈ। ਸਰਕਾਰ ਵੱਖ-ਵੱਖ ਦੇਸ਼ਾਂ ਦੇ ਸਪਲਾਇਰਾਂ ਦੇ ਨਾਲ ਵੀ ਲਗਾਤਾਰ ਸੰਪਰਕ ਵਿੱਚ ਹੈ। ਕੋਸ਼ਿਸ਼ ਇਹ ਹੈ ਕਿ ਜਿੱਥੋਂ ਵੀ ਸੰਭਵ ਹੋਵੇ, ਉੱਥੋਂ ਤੇਲ ਅਤੇ ਗੈਸ ਦੀ ਸਪਲਾਈ ਹੁੰਦੀ ਰਹੇ। ਭਾਰਤ ਸਰਕਾਰ ਗਲਫ ਅਤੇ ਆਲੇ- ਦੁਆਲੇ ਦੇ ਸ਼ਿਪਿੰਗ ਰੂਟਸ 'ਤੇ ਨਿਰੰਤਰ ਨਜ਼ਰ ਬਣਾਏ ਹੋਏ ਹੈ। ਸਰਕਾਰ ਦੀ ਕੋਸ਼ਿਸ਼ ਹੈ ਕਿ ਤੇਲ, ਗੈਸ , ਫਰਟੀਲਾਈਜ਼ਰ,ਅਜਿਹੇ ਹਰ ਜ਼ਰੂਰੀ ਸਾਮਾਨ ਨਾਲ ਜੁੜੇ ਜਹਾਜ਼ ਭਾਰਤ ਤੱਕ ਸੁਰੱਖਿਅਤ ਪਹੁੰਚਣ।

## ਊਰਜਾ, ਆਧੁਨਿਕ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ

ਅੱਜ ਦੇ ਸਮੇਂ ਵਿੱਚ ਊਰਜਾ, ਆਧੁਨਿਕ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਆਲਮੀ ਊਰਜਾ ਜ਼ਰੂਰਤ ਨੂੰ ਪੂਰਾ ਕਰਨ ਵਾਲਾ ਇੱਕ ਵੱਡਾ ਸਰੋਤ ਪੱਛਮੀ ਏਸ਼ੀਆ ਹੈ। ਦੁਨੀਆ ਭਰ ਦੀ ਅਰਥਵਿਵਸਥਾ ਮੌਜੂਦਾ ਸੰਕਟ ਤੋਂ ਪ੍ਰਭਾਵਿਤ ਹੋ ਰਹੀ ਹੈ ਅਤੇ ਭਾਰਤ 'ਤੇ ਇਸ ਦਾ ਘੱਟ ਤੋਂ ਘੱਟ ਮਾੜਾ ਅਸਰ ਪਵੇ, ਇਸ ਦੇ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਸਰਕਾਰ ਇਸ ਦੇ ਸ਼ੌਰਟ ਟਰਮ, ਮੀਡੀਅਮ ਟਰਮ ਅਤੇ ਲੌਂਗ ਟਰਮ ਅਜਿਹੇ ਹਰ ਅਸਰ ਦੇ ਲਈ ਇੱਕ ਰਣਨੀਤੀ ਦੇ ਨਾਲ ਕੰਮ ਕਰ ਰਹੀ ਹੈ। ਭਾਰਤ ਸਰਕਾਰ ਨੇ ਇੱਕ ਅੰਤਰ- ਮੰਤਰਾਲਾ ਸਮੂਹ ਵੀ ਬਣਾਇਆ ਹੈ। ਇਹ ਸਮੂਹ ਹਰ ਰੋਜ਼ ਮਿਲਦਾ ਹੈ ਅਤੇ ਇੰਪੋਰਟ- ਐਕਸਪੋਰਟ ਵਿੱਚ ਆਉਣ ਵਾਲੀ ਹਰ ਦਿੱਕਤ ਦਾ ਮੁਲਾਂਕਣ ਕਰਦਾ ਹੈ। ਦੇਸ਼ ਦੇ ਕਿਸਾਨਾਂ ਨੇ ਅੰਨ ਦੇ ਭੰਡਾਰ ਭਰ ਰੱਖੇ ਹਨ, ਇਸ ਲਈ ਭਾਰਤ ਕੋਲ ਉਚਿਤ ਭੋਜਨ ਹੈ। ਸਰਕਾਰ ਨੇ ਬੀਤੇ ਵਰ੍ਹਿਆਂ ਵਿੱਚ ਐਮਰਜੈਂਸੀ ਨਾਲ ਨਜਿੱਠਣ ਦੇ ਲਈ ਖਾਦ ਦੀ ਉਚਿਤ ਵਿਵਸਥਾ ਵੀ ਕੀਤੀ ਹੈ। ਕਰੋਨਾ ਅਤੇ ਉਸ ਸਮੇਂ ਦੇ ਯੁੱਧਾਂ ਦੌਰਾਨ, ਉਸ ਸਮੇਂ ਵੀ ਗਲੋਬਲ ਸਪਲਾਈ ਚੇਨ ਵਿੱਚ ਰੁਕਾਵਟ ਆ ਗਈ ਸੀ। ਦੁਨੀਆ

## ਕੋਲੇ ਦਾ ਰਿਕਾਰਡ ਉਤਪਾਦਨ ਨਵਿਆਉਣਯੋਗ ਊਰਜਾ ਸਮਰੱਥਾ ਵਿੱਚ ਵਾਧਾ

ਆਉਣ ਵਾਲੇ ਸਮੇਂ ਵਿੱਚ ਵਧਦੀ ਗਰਮੀ ਦੇ ਨਾਲ ਬਿਜਲੀ ਦੀ ਮੰਗ ਵਧਦੀ ਜਾਵੇਗੀ। ਫਿਲਹਾਲ ਦੇਸ਼ ਦੇ ਸਾਰੇ ਪਾਵਰ ਪਲਾਂਟਾਂ ਕੋਲ ਉਚਿਤ ਸਟੌਕ ਉਪਲਬਧ ਹਨ। ਭਾਰਤ ਵਿੱਚ ਲਗਾਤਾਰ ਦੂਜੇ ਸਾਲ 100 ਕਰੋੜ ਟਨ ਕੋਲਾ ਉਤਪਾਦਨ ਕਰਨ ਦਾ ਰਿਕਾਰਡ ਬਣਾਇਆ ਹੈ। ਪਾਵਰ ਜੈਨਰੇਸ਼ਨ ਤੋਂ ਲੈ ਕੇ ਪਾਵਰ ਸਪਲਾਈ ਤੱਕ ਦੇ ਸਾਰੇ ਸਿਸਟਮਾਂ ਦੀ ਨਿਰੰਤਰ ਮੌਨੀਟਰਿੰਗ ਵੀ ਕੀਤੀ ਜਾ ਰਹੀ ਹੈ ਅਤੇ ਸਰਕਾਰ ਦੀਆਂ ਤਿਆਰੀਆਂ ਉਸ ਨੂੰ ਨਵਿਆਉਣਯੋਗ ਊਰਜਾ ਨਾਲ ਹਾਲੇ ਮਦਦ ਮਿਲੀ ਹੈ। ਬੀਤੇ ਦਹਾਕੇ ਵਿੱਚ ਨਵਿਆਉਣਯੋਗ ਊਰਜਾ ਵੱਲ ਦੇਸ਼ ਨੇ ਵੱਡੇ ਕਦਮ ਚੁੱਕੇ ਹਨ। ਟੋਟਲ ਇੰਸਟਾਲ ਪਾਵਰ ਜੈਨਰੇਸ਼ਨ ਕੈਪੇਸਿਟੀ ਦਾ ਅੱਧਾ ਹਿੱਸਾ  ਨਵਿਆਉਣਯੋਗ ਸਰੋਤ ਤੋਂ ਆਉਂਦਾ ਹੈ। ਕੁੱਲ ਨਵਿਆਉਣਯੋਗ ਊਰਜਾ ਸਮਰੱਥਾ ਅੱਜ 250 ਗੀਗਾਵਾਟ ਦੇ ਇਤਿਹਾਸਕ ਅੰਕੜੇ ਨੂੰ ਪਾਰ ਕਰ ਗਈ ਹੈ। ਬੀਤੇ 11 ਵਰ੍ਹਿਆਂ ਵਿੱਚ ਦੇਸ਼ ਨੇ ਆਪਣੀ ਸੋਲਰ ਪਾਵਰ ਕੈਪੇਸਿਟੀ ਲਗਭਗ ਤਿੰਨ ਗੀਗਾਵਾਟ ਤੋਂ ਵਧ ਕੇ 140 ਗੀਗਾਵਾਟ ਤੱਕ ਪਹੁੰਚ ਗਈ ਹੈ।



ਦੇ ਬਜ਼ਾਰ ਵਿੱਚ ਯੂਰੀਆ ਦੀ ਇੱਕ ਬੋਰੀ ਤਿੰਨ ਹਜ਼ਾਰ ਰੁਪਏ ਤੱਕ ਪਹੁੰਚ ਗਈ ਸੀ, ਪਰ ਭਾਰਤ ਦੇ ਕਿਸਾਨਾਂ ਨੂੰ ਓਹੀ ਬੋਰੀ 300 ਰੁਪਏ ਤੋਂ ਵੀ ਘੱਟ ਕੀਮਤ 'ਤੇ ਮੁਹੱਈਆ ਕਰਵਾਈ ਗਈ। ਪਿਛਲੇ ਇੱਕ ਦਹਾਕੇ ਵਿੱਚ ਦੇਸ਼ ਵਿੱਚ 6 ਯੂਰੀਆ ਪਲਾਂਟ ਸ਼ੁਰੂ ਕੀਤੇ ਗਏ ਹਨ, ਇਸ ਨਾਲ ਸਲਾਨਾ 7.6 ਲੱਖ ਮੀਟ੍ਰਿਕ ਟਨ ਤੋਂ ਵੱਧ ਦੀ ਯੂਰੀਆ ਉਤਪਾਦਨ ਸਮਰੱਥਾ ਜੁੜੀ ਹੈ। ਇਸ ਦੌਰਾਨ ਡੀਏਪੀ ਅਤੇ ਐੱਨਪੀਕੇਐੱਸ ਵਰਗੀ ਖਾਦ ਦਾ ਘਰੇਲੂ ਉਤਪਾਦਨ ਵੀ ਲਗਭਗ 50 ਲੱਖ ਮੀਟ੍ਰਿਕ ਟਨ ਵਧਾਇਆ ਗਿਆ ਹੈ। ਇੰਨਾ ਹੀ ਨਹੀਂ ਸਰਕਾਰ ਕਿਸਾਨਾਂ ਨੂੰ ਕੁਦਰਤੀ ਖੇਤੀ ਦੇ ਲਈ ਵੀ ਉਤਸ਼ਾਹਿਤ ਕਰ ਰਹੀ ਹੈ।

## ਪੱਛਮੀ ਏਸ਼ੀਆ ਦੇ ਸਾਰੇ ਨੇਤਾਵਾਂ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਹੈ ਗੱਲ

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਬਾਰੇ ਭਾਰਤ ਨੇ ਪਹਿਲਾਂ ਹੀ ਆਪਣੀ ਡੂੰਘੀ ਚਿੰਤਾ ਵਿਅਕਤ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਖੁਦ ਪੱਛਮੀ ਏਸ਼ੀਆ ਦੇ ਸਾਰੇ ਸਬੰਧਿਤ ਨੇਤਾਵਾਂ ਨਾਲ ਗੱਲਬਾਤ ਕੀਤੀ ਹੈ। ਸਾਰਿਆਂ ਨੂੰ ਤਣਾਓ ਨੂੰ ਘੱਟ ਕਰਨ ਅਤੇ ਇਸ ਸੰਘਰਸ਼ ਨੂੰ ਖ਼ਤਮ ਕਰਨ ਦੀ ਤਾਕੀਦ ਕੀਤੀ ਹੈ। ਭਾਰਤ ਨੇ ਨਾਗਰਿਕਾਂ, ਐਨਰਜੀ ਅਤੇ ਟ੍ਰਾਂਸਪੋਰਟ ਨਾਲ ਜੁੜੇ ਇਨਫ੍ਰਾਸਟ੍ਰਕਚਰ 'ਤੇ ਹਮਲਿਆਂ ਦਾ ਵਿਰੋਧ ਕੀਤਾ ਹੈ। ਕਮਰਸ਼ੀਅਲ ਜਹਾਜ਼ਾਂ 'ਤੇ ਹਮਲਾ ਅਤੇ ਹੋਰਮੁਜ਼ ਸਟ੍ਰੇਟ ਵਰਗੇ ਅੰਤਰਰਾਸ਼ਟਰੀ ਜਲ ਮਾਰਗਾਂ ਵਿੱਚ ਰੁਕਾਵਟ ਅਸਵੀਕਾਰਯੋਗ ਹੈ। ਭਾਰਤ ਡਿਪਲੋਮੇਸੀ ਦੇ ਜ਼ਰੀਏ ਯੁੱਧ ਦੇ ਮਾਹੌਲ ਵਿੱਚ ਵੀ, ਭਾਰਤੀ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਦੇ ਲਈ ਨਿਰੰਤਰ ਯਤਨ ਕਰ ਰਿਹਾ ਹੈ।



## ਹਰ ਚੁਣੌਤੀ ਦਾ ਕਰਨਾ ਹੈ ਮੁਕਾਬਲਾ

ਇਸ ਯੁੱਧ ਦੇ ਕਾਰਨ, ਦੁਨੀਆ ਵਿੱਚ ਜੋ ਮੁਸ਼ਕਲ ਹਾਲਾਤ ਬਣੇ ਹਨ, ਉਨ੍ਹਾਂ ਦਾ ਪ੍ਰਭਾਵ ਲੰਬੇ ਸਮੇਂ ਤੱਕ ਬਣੇ ਰਹਿਣ ਦੀ ਸ਼ੰਕਾ ਹੈ, ਇਸ ਲਈ ਸਾਨੂੰ ਤਿਆਰ ਅਤੇ ਇਕਜੁੱਟ ਰਹਿਣਾ ਹੋਵੇਗਾ। ਧੀਰਜ ਅਤੇ ਸੰਜਮ ਦੇ ਨਾਲ ਹਰ ਚੁਣੌਤੀ ਦਾ ਮੁਕਾਬਲਾ ਕਰਨਾ ਹੈ। ਹਾਲਾਤ ਦਾ ਫਾਇਦਾ ਲੈਣ ਵਾਲੇ ਝੂਠ ਫੈਲਾਉਣ ਦਾ ਯਤਨ ਕਰਨਗੇ, ਅਜਿਹੇ ਲੋਕਾਂ ਦੀਆਂ ਕੋਸ਼ਿਸ਼ਾਂ ਨੂੰ ਸਫਲ ਨਹੀਂ ਹੋਣ ਦੇਣਾ ਹੈ। ਦੇਸ਼ ਦੀਆਂ ਸਾਰੀਆਂ ਰਾਜ ਸਰਕਾਰਾਂ ਨੂੰ ਵੀ ਪ੍ਰਧਾਨ ਮੰਤਰੀ ਮੋਦੀ ਨੇ ਤਾਕੀਦ ਕੀਤੀ ਹੈ ਕਿ ਅਜਿਹੇ ਸਮੇਂ ਵਿੱਚ ਕਾਲਾਬਜ਼ਾਰੀ, ਜਮ੍ਹਾਂਖੋਰੀ ਕਰਨ ਵਾਲੇ ਸਰਗਰਮ ਹੋ ਜਾਂਦੇ ਹਨ, ਇਸ ਦੇ ਲਈ ਸਖ਼ਤ ਨਿਗਰਾਨੀ ਲਾਜ਼ਮੀ ਹੈ। *

# ਪੱਛਮੀ ਏਸ਼ੀਆ ਸੰਕਟ ਨਾਲ ਮਿਲ ਕੇ ਨਿਪਟੇਗੀ 'ਟੀਮ ਇੰਡੀਆ'

**ਪੱਛਮੀ ਏਸ਼ੀਆ ਵਿੱਚ ਯੁੱਧ ਦੀ ਸਥਿਤੀ ਦੇ ਕਾਰਨ ਆਲਮੀ ਅਨਿਸ਼ਚਿਤਤਾ ਦੇ ਦਰਮਿਆਨ ਦੇਸ਼ 'ਟੀਮ ਇੰਡੀਆ' ਦੇ ਰੂਪ ਵਿੱਚ ਮਿਲ ਕੇ ਕੰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ 'ਟੀਮ ਇੰਡੀਆ' ਇਸ ਸਥਿਤੀ ਨਾਲ ਸਫਲਤਾਪੂਰਵਕ ਨਿਪਟ ਲਵੇਗੀ। ਹੁਣ ਤੱਕ ਦੀ ਇਸ ਸਥਿਤੀ ਨਾਲ ਨਜਿੱਠਣ ਦੇ ਲਈ ਕੇਂਦਰ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦੀ ਰਾਜਾਂ ਦੇ ਮੁੱਖ ਮੰਤਰੀ ਅਤੇ ਉਪ ਰਾਜਪਾਲ ਦੇ ਨਾਲ ਬੈਠਕ ਵਿੱਚ ਸ਼ਲਾਘਾ ਕੀਤੀ ਗਈ ਅਤੇ ਕੇਂਦਰ ਦੇ ਨਾਲ ਮਿਲ ਕੇ ਕੰਮ ਕਰਨ ਦੀ ਮੁੱਖ ਮੰਤਰੀਆਂ ਨੇ ਦੁਹਰਾਈ ਵਚਨਬੱਧਤਾ ....**



ਪੱਛਮੀ ਏਸ਼ੀਆ ਦੇ ਹਾਲ ਦੇ ਘਟਨਾਕ੍ਰਮ ਅਤੇ ਭਾਰਤ 'ਤੇ ਸੰਭਾਵਿਤ ਪ੍ਰਭਾਵ ਦੀਆਂ ਤਿਆਰੀਆਂ ਦੀ ਸਮੀਖਿਆ ਦੇ ਲਈ 27 ਮਾਰਚ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਮੁੱਖ ਮੰਤਰੀਆਂ ਅਤੇ ਉਪ ਰਾਜਪਾਲਾਂ ਦੇ ਨਾਲ ਇੱਕ ਅਹਿਮ ਬੈਠਕ ਹੋਈ। ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਕੋਲ ਇਸ ਤਰ੍ਹਾਂ ਦੀ ਆਲਮੀ ਰੁਕਾਵਟ ਨਾਲ ਨਜਿੱਠਣ ਦਾ ਪਹਿਲਾਂ ਤੋਂ ਹੀ ਤਜ਼ਰਬਾ ਹੈ। ਉਨ੍ਹਾਂ ਨੇ ਕੋਵਿਡ- 19 ਮਹਾਮਾਰੀ ਦੇ ਦੌਰਾਨ ਕੀਤੇ ਗਏ ਸਾਂਝੇ ਯਤਨਾਂ ਨੂੰ ਯਾਦ ਕੀਤਾ, ਜਦੋਂ ਕੇਂਦਰ ਅਤੇ ਰਾਜਾਂ ਨੇ 'ਟੀਮ ਇੰਡੀਆ' ਦੇ ਰੂਪ ਵਿੱਚ ਮਿਲ ਕੇ ਸਪਲਾਈ ਚੇਨਸ, ਵਪਾਰ ਅਤੇ ਰੋਜ਼ਾਨਾ ਜੀਵਨ 'ਤੇ ਪ੍ਰਭਾਵ ਨੂੰ ਘੱਟ ਕਰਨ ਦੇ ਲਈ ਕੰਮ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹੀ ਸਹਿਯੋਗ ਅਤੇ ਤਾਲਮੇਲ ਦੀ ਭਾਵਨਾ ਮੌਜੂਦਾ ਸਥਿਤੀਆਂ ਨਾਲ ਨਜਿੱਠਣ ਵਿੱਚ ਭਾਰਤ ਦੀ ਸਭ ਤੋਂ ਵੱਡੀ ਤਾਕਤ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 3 ਮਾਰਚ ਤੋਂ ਇੱਕ ਅੰਤਰ-ਮੰਤਰਾਲਾ ਸਮੂਹ ਸਰਗਰਮ ਹੈ, ਜੋ ਕਿ ਰੋਜ਼ਾਨਾ ਦੇ ਅਧਾਰ 'ਤੇ ਸਥਿਤੀ ਦੀ ਸਮੀਖਿਆ ਕਰ ਰਿਹਾ ਹੈ ਅਤੇ ਸਮੇਂ ਸਿਰ ਫੈਸਲੇ ਲੈ ਰਿਹਾ ਹੈ। ਸਰਕਾਰ ਦੀ ਤਰਜੀਹ ਆਰਥਿਕ ਅਤੇ ਵਪਾਰਕ ਸਥਿਰਤਾ ਨੂੰ ਬਣਾਈ ਰੱਖਣਾ, ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣਾ, ਨਾਗਰਿਕਾਂ ਦੇ ਹਿਤਾਂ ਦੀ ਰੱਖਿਆ ਕਰਨਾ ਅਤੇ ਉਦਯੋਗ ਅਤੇ ਸਪਲਾਈ ਚੇਨਸ ਨੂੰ ਮਜ਼ਬੂਤੀ ਪ੍ਰਦਾਨ ਕਰਨਾ ਹੈ। ਪ੍ਰਭਾਵਸ਼ਾਲੀ ਲਾਗੂਕਰਨ ਰਾਜ ਪੱਧਰ 'ਤੇ ਹੀ ਹੁੰਦਾ ਹੈ। ਇਸ ਲਈ ਤੁਰੰਤ ਅਤੇ ਯੋਜਨਾਬੱਧ ਪ੍ਰਤੀਕਿਰਿਆ ਦੇ ਲਈ ਕੇਂਦਰ ਅਤੇ ਰਾਜਾਂ ਦੇ ਦਰਮਿਆਨ ਨਿਰੰਤਰ ਸੰਵਾਦ ਅਤੇ ਤਾਲਮੇਲ, ਸਮੇਂ ਸਿਰ ਜਾਣਕਾਰੀ ਸਾਂਝੀ ਕਰਨ ਅਤੇ ਸੰਯੁਕਤ ਫੈਸਲਾ ਲੈਣ ਦੀ ਗੱਲ ਬੈਠਕ ਵਿੱਚ ਕਹੀ ਗਈ।

### ਜਮ੍ਹਾਂਖੋਰੀ ਅਤੇ ਮੁਨਾਫਾਖੋਰੀ ਦੇ ਵਿਰੁੱਧ ਸਖ਼ਤ ਕਦਮ ....

ਪ੍ਰਧਾਨ ਮੰਤਰੀ ਮੋਦੀ ਨੇ ਰਾਜਾਂ ਨੂੰ ਸਪਲਾਈ ਚੇਨਸ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਅਤੇ ਜਮ੍ਹਾਂਖੋਰੀ ਅਤੇ ਮੁਨਾਫਾਖੋਰੀ ਦੇ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਕਿਹਾ। ਇਸ ਸੰਕਟ ਦੀ ਵਜ੍ਹਾ ਨਾਲ ਪੈਦਾ ਹੋਣ ਵਾਲੀਆਂ ਕਿਸੇ ਵੀ ਤਰ੍ਹਾਂ ਦੀਆਂ ਰੁਕਾਵਟਾਂ ਨੂੰ ਰੋਕਣ ਦੇ ਲਈ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ ਸਰਗਰਮ ਕਰਨ ਅਤੇ ਪ੍ਰਸ਼ਾਸਨਿਕ ਚੌਕਸੀ



## ਐਕਸਾਈਜ਼ ਡਿਊਟੀ ਘੱਟ ਕੀਤੀ ਗਈ ....

ਬੈਠਕ ਦੇ ਦੌਰਾਨ ਰਕਸ਼ਾ ਮੰਤਰੀ ਰਾਜਨਾਥ ਸਿੰਘ ਨੇ ਦੱਸਿਆ ਕਿ ਸਰਕਾਰ ਇਸ ਸੰਕਟ ਨਾਲ ਨਜਿੱਠਣ ਲਈ ਸਰਗਰਮ ਤੌਰ 'ਤੇ ਕੰਮ ਕਰ ਰਹੀ ਹੈ। ਐੱਲਪੀਜੀ ਦੀ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਪੈਟਰੋਲ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਘੱਟ ਕਰਨ ਵਰਗੇ ਸਕਾਰਾਤਮਕ ਕਦਮ ਚੁੱਕੇ ਗਏ ਹਨ। ਮੌਜੂਦਾ ਸਥਿਤੀ ਨਾਲ ਨਜਿੱਠਣ ਲਈ ਸਾਰੇ ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਕੇਂਦਰ ਵੱਲੋਂ ਸਮੂਹਿਕ ਕਾਰਵਾਈ ਕੀਤੇ ਜਾਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।




## ਮੁੱਖ ਮੰਤਰੀਆਂ ਨੇ ਕਿਹਾ ਸਥਿਤੀ ਸਥਿਰ ਬਣੀ ਹੋਈ ਹੈ ...

ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੇ ਭਰੋਸਾ ਪ੍ਰਗਟਾਇਆ ਕਿ ਸਥਿਤੀ ਸਥਿਰ ਬਣੀ ਹੋਈ ਹੈ, ਪੈਟਰੋਲ, ਡੀਜ਼ਲ ਅਤੇ ਐੱਲਪੀਜੀ ਦੀ ਉਚਿਤ ਉਪਬਲਧਤਾ ਹੈ। ਜ਼ਰੂਰੀ ਵਸਤੂਆਂ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਦੇ ਲਈ ਨਿਰੰਤਰ ਨਿਗਰਾਨੀ ਪ੍ਰਣਾਲੀਆਂ ਮੌਜੂਦ ਹਨ। ਮੁੱਖ ਮੰਤਰੀਆਂ ਨੇ ਈਂਧਣ 'ਤੇ ਐਕਸਾਈਜ਼ ਡਿਊਟੀ ਘਟਾਉਣ ਦੇ ਫੈਸਲੇ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਇਸ ਨਾਲ ਆਲਮੀ ਅਨਿਸ਼ਚਿਤਤਾ ਦੇ ਵਿਚਕਾਰ ਨਾਗਰਿਕਾਂ ਨੂੰ ਮਹੱਤਵਪੂਰਨ ਰਾਹਤ ਮਿਲੇਗੀ। ਮੁੱਖ ਮੰਤਰੀਆਂ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਲਈ ਵਣਜ ਐੱਲਪੀਜੀ ਡਿਲੀਵਰੀ ਨੂੰ ਸੰਕਟ ਤੋਂ ਪਹਿਲਾਂ ਦੇ 50% ਪੱਧਰ ਤੋਂ ਵਧਾ ਕੇ 70% ਕਰਨ ਦੇ ਫੈਸਲੇ ਦਾ ਵੀ ਸੁਆਗਤ ਕੀਤਾ ਹੈ।

ਬਣਾਏ ਰੱਖਣ ਦੀ ਗੱਲ ਕੀਤੀ ਗਈ। ਖਾਸ ਤੌਰ 'ਤੇ ਖਾਦ ਦੇ ਭੰਡਾਰਣ ਅਤੇ ਵੰਡ ਦੀ ਨਿਗਰਾਨੀ ਸਮੇਤ ਖੇਤੀਬਾੜੀ ਖੇਤਰ ਵਿੱਚ ਪੂਰਵ ਯੋਜਨਾਬੰਦੀ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ, ਤਾਂ ਜੋ ਆਉਣ ਵਾਲੇ ਖਰੀਫ ਦੇ ਮੌਸਮ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਾ ਹੋਵੇ।

## ਅਫਵਾਹਾਂ 'ਤੇ ਧਿਆਨ ਨਾ ਦਿਓ ....

ਗਲਤ ਸੂਚਨਾ ਦੇ ਪ੍ਰਸਾਰ ਅਤੇ ਅਫਵਾਹਾਂ ਦੇ ਪ੍ਰਤੀ ਸੁਚੇਤ ਰਹਿਣ ਦੀ ਚੇਤਾਵਨੀ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਮੇਂ ਸਿਰ ਸਟੀਕ ਅਤੇ ਭਰੋਸੇਯੋਗ ਜਾਣਕਾਰੀ ਦਾ ਪ੍ਰਸਾਰ ਡਰ ਫੈਲਣ ਤੋਂ ਰੋਕਣ ਦੇ ਲਈ ਜ਼ਰੂਰੀ ਹੈ। ਉਨ੍ਹਾਂ ਨੇ ਔਨਲਾਈਨ ਧੋਖਾਧੜੀ ਅਤੇ ਨਕਲੀ ਏਜੰਟਾਂ ਦੇ ਪ੍ਰਤੀ ਵੀ ਸੁਚੇਤ ਰਹਿਣ ਦੀ ਸਲਾਹ ਦਿੱਤੀ। ਜ਼ਰੂਰੀ ਵਸਤੂਆਂ ਦੀ ਉਪਲਬਧਤਾ ਦੇ ਸਬੰਧ ਵਿੱਚ ਭਰੋਸਾ ਨਾਗਰਿਕਾਂ ਵਿੱਚ ਗੈਰ- ਜ਼ਰੂਰੀ ਡਰ ਫੈਲਣ ਤੋਂ ਰੋਕਣ ਵਿੱਚ ਮਦਦ ਕਰੇਗਾ। ਜਿਨ੍ਹਾਂ ਰਾਜਾਂ ਦੇ ਨਾਗਰਿਕ ਪੱਛਮੀ ਏਸ਼ੀਆ ਵਿੱਚ ਹਨ, ਉਹ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਅਤੇ ਸਮੇਂ ਸਿਰ ਜਾਣਕਾਰੀ ਦੇ ਪ੍ਰਵਾਹ ਨੂੰ ਯਕੀਨੀ ਬਣਾਉਣ ਦੇ ਲਈ ਹੈਲਪਲਾਈਨ ਕਿਰਿਆਸ਼ੀਲ ਕਰਨ, ਨੋਡਲ ਅਧਿਕਾਰੀਆਂ ਦੀ ਨਿਯੁਕਤੀ ਕਰਨ ਅਤੇ ਜ਼ਿਲ੍ਹਾ ਪੱਧਰ 'ਤੇ ਸਹਾਇਤਾ ਪ੍ਰਣਾਲੀ ਨੂੰ ਸਥਾਪਿਤ ਕਰਨ।

## ਹਾਲ ਦੇ ਵਰ੍ਹਿਆਂ ਵਿੱਚ ਚੁੱਕੇ ਗਏ ਕਦਮਾਂ ਤੋਂ ਮਿਲ ਰਹੀ ਮਦਦ .....

ਭਾਰਤ ਦੀ ਆਰਥਿਕ ਅਤੇ ਸਪਲਾਈ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਹਾਲ ਹੀ ਦੇ ਵਰ੍ਹਿਆਂ ਵਿੱਚ ਕੀਤੇ ਗਏ ਯਤਨ ਮੌਜੂਦਾ ਸਥਿਤੀਆਂ ਵਿੱਚ ਲਾਹੇਵੰਦ ਸਾਬਤ ਹੋ ਰਹੇ ਹਨ। ਉਦਯੋਗ ਅਤੇ ਐੱਮਐੱਸਐੱਮਈ ਦੇ ਨਾਲ ਨਿਰੰਤਰ ਸੰਵਾਦ ਬਣਾਏ ਰੱਖਣ ਦੇ ਲਈ ਕਿਹਾ ਗਿਆ ਹੈ ਤਾਂ ਜੋ ਉਨ੍ਹਾਂ ਦੀਆਂ ਚਿੰਤਾਵਾਂ ਦਾ ਹੱਲ ਹੋਵੇ ਅਤੇ ਉਤਪਾਦਨ ਅਤੇ ਰੁਜ਼ਗਾਰ ਵਿੱਚ ਸਥਿਰਤਾ ਨੂੰ ਯਕੀਨੀ ਬਣਾਇਆ ਜਾ ਸਕੇ। ਸਾਰੇ ਪੱਧਰਾਂ 'ਤੇ ਮਜ਼ਬੂਤ ਤਾਲਮੇਲ ਵਿਧੀ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਮੁੱਖ ਸਕੱਤਰਾਂ ਦੇ ਪੱਧਰ 'ਤੇ ਨਿਯਮਿਤ ਸਮੀਖਿਆ ਅਤੇ ਜ਼ਿਲ੍ਹਾ ਪੱਧਰ 'ਤੇ ਨਿਰੰਤਰ ਨਿਗਰਾਨੀ ਦੀ ਗੱਲ ਕਹੀ ਗਈ ਹੈ ਤਾਂ ਜੋ ਬਦਲਦੀਆਂ ਹਾਲਤਾਂ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦਿੱਤਾ ਜਾ ਸਕੇ।

## ਵਿਕਲਪਿਕ ਊਰਜਾ ਸਰੋਤਾਂ ਨੂੰ ਹੁਲਾਰਾ ....

ਰਾਜਾਂ ਨੂੰ ਬਾਇਓ ਫਿਊਲ, ਸੋਲਰ ਪਾਵਰ, ਗੋਬਰਧਨ ਪਹਿਲ, ਇਲੈਕਟ੍ਰਿਕ ਮੋਬੀਲਿਟੀ ਵਰਗੇ ਵਿਕਲਪਿਕ ਊਰਜਾ ਸਰੋਤਾਂ ਨੂੰ ਉਤਸ਼ਾਹਿਤ ਕਰਨ ਅਤੇ ਪਾਈਪ ਰਾਹੀਂ ਕੁਦਰਤੀ ਗੈਸ ਦੇ ਕਨੈਕਸ਼ਨਾਂ ਦਾ ਵਿਸਥਾਰ ਕਰਨ ਵਿੱਚ ਤੇਜ਼ੀ ਲਿਆਉਣ ਦੇ ਲਈ ਕਿਹਾ ਗਿਆ ਹੈ। ਰਾਜਾਂ ਦੇ ਸਰਗਰਮ ਸਹਿਯੋਗ ਦੇ ਨਾਲ ਘਰੇਲੂ ਪੱਧਰ 'ਤੇ ਤੇਲ ਅਤੇ ਕੁਦਰਤੀ ਗੈਸ ਦੀ ਰਿਸਰਚ ਵਧਾਉਣ ਦੇ ਮਹੱਤਵ ਨੂੰ ਵੀ ਰੇਖਾਂਕਿਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ 'ਟੀਮ ਇੰਡੀਆ' ਇਸ ਸਥਿਤੀ ਨਾਲ ਸਫਲਤਾਪੂਰਵਕ ਨਿਪਟ ਲਵੇਗੀ।



KHELO INDIA **ਖੇਲੋ ਇੰਡੀਆ ਦਾ ਇੱਕ ਦਹਾਕਾ**

# ਖੇਡ ਕ੍ਰਾਂਤੀ ਦਾ ਇੱਕ ਮਜ਼ਬੂਤ ਰੋਡਮੈਪ

ਭਾਰਤ ਵਿੱਚ ਪਹਿਲਾਂ ਬੱਚਿਆਂ ਦੇ ਲਈ ਖੇਡਣਾ- ਕੁੱਦਣਾ ਇੱਕ ਆਨੰਦਮਈ ਆਰਾਮ ਸੀ ਜੋ ਕਿ ਹੋਮਵਰਕ ਅਤੇ ਸਕੂਲ ਦੇ ਦਰਮਿਆਨ ਸਿਮਟਿਆ ਹੋਇਆ ਸੀ। ਖੇਡਾਂ ਨੂੰ ਵਿਵਹਾਰਿਕ ਕਰੀਅਰ ਨਹੀਂ ਮੰਨਣਾ, ਇੱਕ ਆਮ ਸੋਚ ਸੀ। ਇਸ ਦਾ ਕਾਰਨ ਸੀ ਸੀਮਤ ਸਪੋਰਟਸ ਇਨਫ੍ਰਾਸਟ੍ਰਕਚਰ ਅਤੇ ਖੇਡਾਂ ਦੀ ਬਜਾਏ ਸਿੱਖਿਆ ਨੂੰ ਤਰਜੀਹ ਦੇਣ ਦੀ ਸਮਾਜ ਦੀ ਸੋਚ। ਅਜਿਹੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਸੋਚ ਬਦਲੀ, ਖੇਡਾਂ ਵਿੱਚ ਨੌਜਵਾਨਾਂ ਦੇ ਲਈ ਕਰੀਅਰ ਦੀ ਇੱਛਾ ਪੈਦਾ ਕੀਤੀ ਅੱਜ ਲੱਦਾਖ ਦੇ ਸਾਇਕਿਲਿਸਟ ਤਸੇਵਾਂਗ ਨੋਰਬੂ ਹੋਵੇ, ਨਾਗਾਲੈਂਡ ਦੇ ਪੈਰਾ ਐਥਲੀਟ ਹੋਤੋਜੇ ਸੇਮਾ ਹੋਕਾਟੋ ਜਾਂ 2,900 ਤੋਂ ਵੱਧ ਖੇਲੋ ਇੰਡੀਆ ਐਥਲੀਟ ਖੇਲੋ ਇੰਡੀਆ ਦੇ ਰਿਹਾ ਹੈ ਅਜਿਹੇ ਐਥਲੀਟਾਂ ਨੂੰ ਨਵੀਂ ਉਚਾਈ

ਭਾਰਤ ਵਿੱਚ ਖੇਲੋ ਇੰਡੀਆ ਯੋਜਨਾ- ਰਾਸ਼ਟਰੀ ਖੇਡ ਵਿਕਾਸ ਪ੍ਰੋਗਰਾਮ ਲਾਂਚ ਕਰਕੇ ਸਰਕਾਰ ਖੇਡਾਂ ਵਿੱਚ ਵਿਆਪਕ ਜਨਤਕ ਸ਼ਮੂਲੀਅਤ ਅਤੇ ਉੱਤਮਤਾ ਨੂੰ ਹੁਲਾਰਾ ਦੇ ਰਹੀ ਹੈ। ਇਸੇ ਉਦੇਸ਼ ਨਾਲ 22 ਅਪ੍ਰੈਲ, 2016 ਨੂੰ ਸਬੰਧਿਤ ਏਜੰਸੀਆਂ ਨੂੰ ਯੋਜਨਾ ਭੇਜੀ ਗਈ। 27 ਸਤੰਬਰ 2016 ਨੂੰ ਪ੍ਰੋਗਰਾਮ ਵਿੱਚ ਕੁਝ ਬਦਲਾਅ ਕੀਤੇ ਗਏ। ਇਸ ਵਿੱਚ ਸਪੋਰਟਸ ਇਨਫ੍ਰਾਸਟ੍ਰਕਚਰ ਦਾ ਨਿਰਮਾਣ ਅਤੇ ਅਪਗ੍ਰੇਡੇਸ਼ਨ, ਖੇਡ ਪ੍ਰਤੀਯੋਗਿਤਾਵਾਂ ਅਤੇ ਪ੍ਰਤਿਭਾ ਵਿਕਾਸ, ਫਿਟ ਇੰਡੀਆ ਅਭਿਆਨ ਅਤੇ ਖੇਡਾਂ ਦੇ ਜ਼ਰੀਏ ਸਮਾਵੇਸ਼ ਨੂੰ ਹੁਲਾਰਾ ਦੇਣ ਦੀ ਦ੍ਰਿਸ਼ਟੀ ਨਾਲ ਕੰਮ ਸ਼ੁਰੂ ਕੀਤਾ ਗਿਆ। ਬੀਤੇ ਇੱਕ ਦਹਾਕੇ ਵਿੱਚ ਇਨ੍ਹਾਂ ਖੇਤਰਾਂ ਵਿੱਚ ਦੇਸ਼ ਨੇ ਨਾ ਸਿਰਫ਼ ਕਈ ਉਪਲਬਧੀਆਂ ਹਾਸਲ ਕੀਤੀਆਂ ਹਨ ਸਗੋਂ ਵੱਡੇ ਪੱਧਰ 'ਤੇ ਖੇਡ ਪ੍ਰਤਿਭਾਵਾਂ ਦੀ ਇਸ ਯੋਜਨਾ ਰਾਹੀਂ ਭਾਲ ਕੀਤੀ ਗਈ। ਨੌਜਵਾਨਾਂ ਨੂੰ ਮਿਲੇ ਬਿਹਤਰੀਨ ਇਨਫ੍ਰਾਸਟ੍ਰਕਚਰ, ਟ੍ਰੇਨਿੰਗ ਅਤੇ ਆਰਥਿਕ ਸਹਿਯੋਗ ਨਾਲ ਰਾਸ਼ਟਰੀ ਗਾਇਨ ਦੇ ਸ਼ਾਨਦਾਰ ਸੁਰ ਪੋਡੀਅਮ 'ਤੇ ਖਿਡਾਰੀਆਂ ਦੇ ਨਾਲ ਕਈ ਅੰਤਰਰਾਸ਼ਟਰੀ ਪ੍ਰਤੀਯੋਗਿਤਾਵਾਂ ਵਿੱਚ ਸੁਣਾਈ ਦੇ ਰਹੇ ਹਨ।



## ਪ੍ਰਤਿਭਾ ਨੂੰ ਨਿਖਾਰਣ ਦਾ ਨਵਾਂ ਸਪੋਰਟ ਸਿਸਟਮ

# ਖੇਲੋ ਇੰਡੀਆ ਮਿਸ਼ਨ

**ਖੇਡ ਦਾ ਖੇਤਰ ਰੁਜ਼ਗਾਰ, ਕੌਸ਼ਲ ਅਤੇ ਨੌਂਕਰੀ ਦੇ ਕਈ ਮੌਕੇ ਪ੍ਰਦਾਨ ਕਰਦਾ ਹੈ। ਇਹੀ ਕਾਰਨ ਹੈ ਕਿ ਕੇਂਦਰ ਸਰਕਾਰ ਨੇ ਵਿੱਤੀ ਵਰ੍ਹੇ 2026- 27 ਦੇ ਬਜਟ ਵਿੱਚ ਖੇਲੋ ਇੰਡੀਆ ਮਿਸ਼ਨ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਸ ਮਹੱਤਵਪੂਰਨ ਕਦਮ ਦੇ ਤਹਿਤ ਪ੍ਰਤਿਭਾ ਦੀ ਪਛਾਣ, ਵਿਕਾਸ, ਉੱਤਮਤਾ ਕੇਂਦਰ ਦੇ ਰੂਪ ਵਿੱਚ ਬੁਨਿਆਦੀ ਢਾਂਚਾ ਤਿਆਰ ਕਰਨ ਅਤੇ ਨਿਰਮਾਣ ਅਤੇ ਰੁਜ਼ਗਾਰ ਪੈਦਾ ਕਰਨ 'ਤੇ ਧਿਆਨ ਦਿੱਤਾ ਗਿਆ ਹੈ। ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਸ਼ੁਰੂਆਤ ਤੋਂ ਪ੍ਰੋਫੈਸ਼ਨਲ ਪੱਧਰ 'ਤੇ ਪਹੁੰਚਣ ਵਿੱਚ ਜੋ ਵੀ ਸਪੋਰਟ ਚਾਹੀਦੀ ਹੁੰਦੀ ਹੈ, ਉਸ ਦਾ ਇੱਕ ਈਕੋਸਿਸਟਮ ਖੇਲੋ ਇੰਡੀਆ ਮਿਸ਼ਨ ਵਿੱਚ ਤਿਆਰ ਕੀਤਾ ਜਾਵੇਗਾ। ਇਸ ਮਿਸ਼ਨ ਦਾ ਟੀਚਾ ਰਾਜ ਦੀਆਂ ਯੋਜਨਾਵਾਂ ਦੇ ਜ਼ਰੀਏ ਹਰ ਜ਼ਿਲ੍ਹੇ ਵਿੱਚ ਇੱਕ ਖੇਲੋ ਇੰਡੀਆ ਟ੍ਰੇਨਿੰਗ ਸੈਂਟਰ ਸਥਾਪਿਤ ਕਰਨਾ, ਖੇਡ ਵਿਗਿਆਨ- ਖੇਡ ਮਨੋਵਿਗਿਆਨ, ਪੋਸ਼ਣ ਸਮੇਤ ਯੋਜਨਾਬੱਧ ਉਪਾਅ, ਰੀਅਲ ਟਾਈਮ 'ਤੇ ਨਿਗਰਾਨੀ ਦੇ ਲਈ ਡੇਟਾ ਪਲੈਟਫਾਰਮ ਅਤੇ 2036 ਤੱਕ ਭਾਰਤ ਨੂੰ ਖੇਡ ਦੇ ਮੋਹਰੀ ਰਾਸ਼ਟਰਾਂ ਵਿੱਚ ਸ਼ਾਮਲ ਕਰਨਾ ਹੈ।**

## ਅੰਤਰਰਾਸ਼ਟਰੀ ਮੈਡਲ ਜਿੱਤਣ ਦੀ ਸੰਭਾਵਨਾ ਵਾਲੀਆਂ 14 ਖੇਡਾਂ 'ਤੇ ਜ਼ੋਰ

ਖੇਲੋ ਇੰਡੀਆ ਦੇ ਤਹਿਤ ਕੇਂਦਰ ਸਰਕਾਰ ਨੇ ਰਾਜਾਂ ਦੇ ਨਾਲ ਮਿਲ ਕੇ 'ਇੱਕ ਰਾਜ –ਇੱਕ ਖੇਡ' 'ਤੇ ਜ਼ੋਰ ਦਿੱਤਾ ਹੈ। ਨਾਲ ਹੀ, ਆਉਣ ਵਾਲੀਆਂ ਓਲੰਪਿਕਸ ਗੇਮਸ ਵਿੱਚ ਬਿਹਤਰ ਪ੍ਰਦਰਸ਼ਨ ਦੇ ਲਈ 14 ਖੇਡਾਂ ਨੂੰ ਚੁਣਿਆ ਗਿਆ ਹੈ, ਜਿਨ੍ਹਾਂ ਵਿੱਚ ਮੈਡਲ ਜਿੱਤਣ ਦੀ ਸੰਭਾਵਨਾ ਵਧੇਰੇ ਹੈ। ਕੇਂਦਰ ਸਰਕਾਰ ਨੇ ਰਾਜਾਂ ਨੂੰ ਕਿਹਾ ਹੈ ਕਿ ਖੇਲੋ ਇੰਡੀਆ ਦੇ ਤਹਿਤ ਜੋ ਵੀ ਪ੍ਰਸਤਾਵ ਜਾਂ ਪ੍ਰੋਗਰਾਮ ਬਣਾਏ ਜਾਣ, ਉਨ੍ਹਾਂ ਵਿੱਚ ਇਨ੍ਹਾਂ 14 ਖੇਡਾਂ ਨੂੰ ਤਰਜੀਹ ਦਿੱਤੀ ਜਾਵੇ ਤਾਂ ਜੋ ਇਨ੍ਹਾਂ ਖੇਡਾਂ ਵਿੱਚ ਵੱਧ ਤੋਂ ਵੱਧ ਖਿਡਾਰੀ ਜੁੜਨ ਅਤੇ ਉਨ੍ਹਾਂ ਵਿੱਚ ਕੀਤਾ ਜਾ ਸਕੇ ਬਿਹਤਰੀਨ ਸਮਰੱਥਾ ਦਾ ਵਿਕਾਸ ....

## ਮਿਸ਼ਨ ਦੇ ਪੰਜ ਥੰਮ੍ਹ

- ਪ੍ਰਤਿਭਾਸ਼ਾਲੀ ਖਿਡਾਰੀ ਲੱਭਣ ਤੋਂ ਲੈ ਕੇ ਪ੍ਰੋਫੈਸ਼ਨਲ ਪੱਧਰ ਤੱਕ ਪਹੁੰਚਾਉਣ ਦੇ ਲਈ ਜ਼ਰੂਰੀ ਵੱਖ-ਵੱਖ ਪੱਧਰ ਦੇ ਟ੍ਰੇਨਿੰਗ ਸੈਂਟਰ ਬਣਾਏ ਜਾਣਗੇ।
- ਕੋਚ ਅਤੇ ਸਹਾਇਕ ਕਰਮਚਾਰੀਆਂ ਦਾ ਵਿਕਾਸ ਕੀਤਾ ਜਾਵੇਗਾ।
- ਖੇਡ ਵਿਗਿਆਨ- ਨਵੀਂ ਤਕਨਾਲੋਜੀ ਦੀ ਵਰਤੋਂ ਖੇਡਾਂ ਵਿੱਚ ਵਧਾਈ ਜਾਵੇਗੀ।
- ਖੇਡ ਸੱਭਿਆਚਾਰ ਨੂੰ ਹੁਲਾਰਾ ਅਤੇ ਮੰਚ ਦੇਣ ਦੇ ਲਈ ਪ੍ਰਤੀਯੋਗਿਤਾਵਾਂ ਅਤੇ ਲੀਗ ਆਯੋਜਿਤ ਕੀਤੇ ਜਾਣਗੇ।
- ਟ੍ਰੇਨਿੰਗ ਅਤੇ ਪ੍ਰਤੀਯੋਗਿਤਾ ਦੇ ਲਈ ਸਪੋਰਟਸ ਇਨਫ੍ਰਾਸਟ੍ਰਕਚਰ ਦਾ ਵਿਕਾਸ ਕੀਤਾ ਜਾਵੇਗਾ।

**ਤੀਰਅੰਦਾਜ਼ੀ, ਮੁੱਕੇਬਾਜ਼ੀ, ਸ਼ੂਟਿੰਗ, ਬੈਡਮਿੰਟਨ, ਕੁਸ਼ਤੀ, ਹਾਕੀ, ਵੇਟਲਿਫਟਿੰਗ, ਸਾਈਕਲਿੰਗ, ਐਥਲੈਟਿਕਸ, ਟੇਬਲ ਟੈਨਿਸ, ਜੂਡੋ, ਤੈਰਾਕੀ, ਫੈਂਸਿੰਗ, ਰੋਇੰਗ**




ਖੇਲੋ ਇੰਡੀਆ ਯੋਜਨਾ, ਟਾਰਗੇਟ ਓਲੰਪਿਕ ਪੋਡੀਅਮ ਸਕੀਮ (ਟੀਓਪੀਐੱਸ) ਅਤੇ ਕੀਰਤੀ (ਖੇਲੋ ਇੰਡੀਆ ਰਾਈਜ਼ਿੰਗ ਟੈਲੰਟ ਆਈਡੈਂਟੀਫਿਕੇਸ਼ਨ) ਨੇ ਐਥਲੀਟਾਂ ਦੇ ਲਈ ਉਨ੍ਹਾਂ ਦੀ ਯਾਤਰਾ ਦੇ ਹਰ ਪੜਾਅ ਵਿੱਚ ਸਮਰਥਨ ਦਾ ਇੱਕ ਵਿਆਪਕ ਢਾਂਚਾ ਤਿਆਰ ਕੀਤਾ ਹੈ। ਸਕੂਲ, ਯੂਨੀਵਰਸਿਟੀ, ਮਹਿਲਾ, ਪੈਰਾ ਐਥਲੀਟ, ਟ੍ਰਾਈਬਲ ਐਥਲੀਟ ਪੱਧਰ 'ਤੇ ਖਿਡਾਰੀਆਂ ਨੂੰ ਪਹਿਚਾਣਨ ਅਤੇ ਉਨ੍ਹਾਂ ਨੂੰ ਨਿਖਾਰਣ ਦਾ ਕੰਮ ਤੇਜ਼ ਕੀਤਾ ਗਿਆ। ਇਸੇ ਦਾ ਨਤੀਜਾ ਹੈ ਕਿ ਬੀਤੇ ਇੱਕ ਦਹਾਕੇ ਵਿੱਚ ਖੇਡਾਂ ਵਿੱਚ ਭਾਰਤ ਦੇ ਪ੍ਰਦਰਸ਼ਨ ਨੂੰ ਸੁਨਹਿਰੀ ਕਾਲ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ। ਇਸ ਵਿੱਚ ਓਲੰਪਿਕ, ਪੈਰਾਲਿੰਪਿਕ ਅਤੇ ਏਸ਼ੀਅਨ ਗੇਮਸ ਵਰਗੇ ਅੰਤਰਰਾਸ਼ਟਰੀ ਮੰਚਾਂ 'ਤੇ ਖਿਡਾਰੀਆਂ ਨੇ ਰਿਕਾਰਡ ਤੋੜ ਪ੍ਰਦਰਸ਼ਨ ਕੀਤਾ ਹੈ।

# ਖੇਲੋ ਇੰਡੀਆ ਵਿੱਚ ਤਿਆਰ ਇਨਫ੍ਰਾਸਟ੍ਰਕਚਰ

**1067**
ਖੇਲੋ ਇੰਡੀਆ ਕੇਂਦਰ ਨੋਟੀਫਾਇਡ, 750 ਤੋਂ ਵੱਧ ਜ਼ਿਲ੍ਹੇ ਕਵਰ

**322**
ਅਕਾਦਮੀਆਂ ਨੂੰ ਖੇਲੋ ਇੰਡੀਆ ਦੇ ਤਹਿਤ ਐਥਲੀਟਾਂ ਨੂੰ ਟ੍ਰੇਨਿੰਗ ਦੇ ਲਈ ਮਾਨਤਾ।

**27,500+**
ਤੋਂ ਵੱਧ ਐਥਲੀਟ ਲੈ ਰਹੇ ਹਨ ਖੇਲੋ ਇੰਡੀਆ ਕੇਂਦਰਾਂ 'ਤੇ ਟ੍ਰੇਨਿੰਗ।

**344**
ਨਵੇਂ ਸਪੋਰਟਸ ਇਨਫ੍ਰਾਸਟ੍ਰਕਚਰ ਪ੍ਰੋਜੈਕਟਸ 32 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਮਨਜ਼ੂਰ।

**₹3,158**
ਕਰੋੜ ਰੁਪਏਦੀ ਲਾਗਤ ਇਨ੍ਹਾਂ ਪ੍ਰੋਜੈਕਟਾਂ 'ਤੇ ਆਵੇਗੀ।

- 17,000 ਤੋਂ ਵੱਧ ਸੈਪ ਸਪੋਰਟਸ ਇਨਫ੍ਰਾਸਟ੍ਰਕਚਰ, 2500 ਤੋਂ ਵੱਧ ਓਲੰਪਿਕ ਪੱਧਰ ਦੇ।
- 47,012 ਐਥਲੀਟਸ ਖੇਲੋ ਇੰਡੀਆ ਗੇਮਸ ਵਿੱਚ ਕਰ ਚੁੱਕੇ ਹਨ ਭਾਗੀਦਾਰੀ।
- 1,327 ਕੋਚ ਅਤੇ ਸਪੋਰਟਸ ਸਟਾਫ ਹਨ।
- 23,000 ਤੋਂ ਵੱਧ ਖਿਡਾਰੀਆਂ ਨੂੰ ਮਿਲਿਆ ਸਮਰਥਨ।
- 23.68 ਕਰੋੜ ਲੋਕ ਫਿਟ ਇੰਡੀਆ ਪ੍ਰੋਗਰਾਮ ਵਿੱਚ ਹੋ ਚੁੱਕੇ ਹਨ ਸ਼ਾਮਲ।
- 4,50,445 ਸਕੂਲਾਂ ਨੂੰ ਮਿਲਿਆ ਹੈ ਫਿਟ ਇੰਡੀਆ ਫਲੈਗ।

8 ਗੁਣਾ ਹੋਇਆ ਖੇਲੋ ਇੰਡੀਆ ਦਾ ਬਜਟ

2016-17 ₹118 ਕਰੋੜ ਰੁਪਏ

2026-27 ₹928 ਕਰੋੜ ਰੁਪਏ



2,905 ਖੇਲੋ ਇੰਡੀਆ ਐਥਲੀਟਾਂ ਨੂੰ 22 ਖੇਡਾਂ ਵਿੱਚ ਕੋਚਿੰਗ, ਉਪਕਰਣ, ਮੈਡੀਕਲ ਕੇਅਰ ਅਤੇ ਮਾਸਿਕ ਆਉਟ ਆਫ ਪਾਕੇਟ ਭੱਤੇ ਦੇ ਤਹਿਤ ਸਲਾਨਾ 6,28,400 ਰੁਪਏ ਦਿੱਤੇ ਜਾ ਰਹੇ ਹਨ, ਭਾਵੇਂ ਉਹ ਕਿਸੇ ਵੀ ਪਿਛੋਕੜ ਦੇ ਹੋਣ।

ਖੇਲੋ ਇੰਡੀਆ ਵਿੱਚ ਦੇਸ਼ ਅਤੇ ਰਵਾਇਤੀ ਖੇਡਾਂ ਮਲਖੰਭ, ਕਲਾਰੀਪੱਟੂ, ਗਤਕਾ, ਥਾਂਗ- ਟਾ, ਯੋਗਾਸਨ ਅਤੇ ਸਿਲੰਬਮ।



"

" ਅੱਜ ਖੇਲੋ ਇੰਡੀਆ, ਯੂਨੀਵਰਸਿਟੀ ਗੇਮਸ, ਖੇਲੋ ਇੰਡੀਆ ਯੂਥ ਗੇਮਸ, ਖੇਲੋ ਇੰਡੀਆ ਵਿੰਟਰ ਗੇਮਸ, ਖੇਲੋ ਇੰਡੀਆ ਪੈਰਾ ਗੇਮਸ ਹੁੰਦੀਆਂ ਹਨ, ਯਾਨੀ ਸਾਲ ਭਰ, ਵੱਖ-ਵੱਖ ਪੱਧਰ 'ਤੇ, ਲਗਾਤਾਰ ਮੁਕਾਬਲੇ ਹੁੰਦੇ ਰਹਿੰਦੇ ਹਨ। ਇਸ ਨਾਲ ਸਾਡੇ ਖਿਡਾਰੀਆਂ ਦਾ ਆਤਮ-ਵਿਸ਼ਵਾਸ ਵਧਦਾ ਹੈ, ਉਨ੍ਹਾਂ ਦਾ ਟੈਲੰਟ ਨਿਖਰ ਕੇ ਸਾਹਮਣੇ ਆਉਂਦਾ ਹੈ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਭਲਾਈ ਯੋਜਨਾਵਾਂ ਅਤੇ ਪਹਿਲਕਦਮੀਆਂ ਦੇ ਜ਼ਰੀਏ, ਸਰਕਾਰ ਨਾ ਸਿਰਫ਼ ਜ਼ਮੀਨੀ ਪੱਧਰ ਤੋਂ ਪ੍ਰਤਿਭਾਵਾਂ ਦੀ ਪਛਾਣ ਅਤੇ ਪੋਸ਼ਣ ਕਰ ਰਹੀ ਹੈ, ਸਗੋਂ ਇਹ ਵੀ ਯਕੀਨੀ ਬਣਾ ਰਹੀ ਹੈ ਕਿ ਐਥਲੀਟਾਂ ਨੂੰ ਉਨ੍ਹਾਂ ਦੇ ਪੂਰੇ ਕਰੀਅਰ ਅਤੇ ਉਸ ਤੋਂ ਬਾਅਦ ਵੀ ਸਮਰਥਨ ਮਿਲੇ। ਬੁਨਿਆਦੀ ਢਾਂਚੇ, ਟ੍ਰੇਨਿੰਗ ਅਤੇ ਐਥਲੀਟ ਭਲਾਈ ਵਿੱਚ ਉਚਿਤ ਨਿਵੇਸ਼ ਦੇ ਨਾਲ, ਭਾਰਤ ਖੇਡ ਦੇ ਖੇਤਰ ਵਿੱਚ ਆਲਮੀ ਪੱਧਰ 'ਤੇ ਮੋਹਰੀ ਬਣਨ ਦੀ ਦਿਸ਼ਾ ਵਿੱਚ ਆਸ਼ਾਵਾਦੀ ਰਸਤੇ 'ਤੇ ਹੈ।

## ਖੇਲੋ ਇੰਡੀਆ ਬਣਿਆ ਖੇਡ ਵਿਕਾਸ ਦੇ ਮਾਰਗ ਦਾ ਮੰਚ

ਦੇਸ਼ ਵਿੱਚ ਖੇਡ ਪ੍ਰਤਿਭਾਵਾਂ ਦੀ ਖੋਜ ਕਰਨ, ਪ੍ਰਤਿਭਾ ਨਿਖਾਰਣ ਅਤੇ ਖੇਡ ਕੌਸ਼ਲ ਪ੍ਰਦਰਸ਼ਿਤ ਕਰਨ ਦੇ ਨਾਲ ਹੀ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਉੱਤਮਤਾ ਪ੍ਰਾਪਤ ਕਰਨ ਦੇ ਲਈ ਵਿਕਾਸ ਮਾਰਗ ਦੇ ਇੱਕ ਮੰਚ ਦੇ ਰੂਪ ਵਿੱਚ ਖੇਲੋ ਇੰਡੀਆ ਨੇ ਪਛਾਣ ਬਣਾਈ ਹੈ। ਖੇਲੋ ਇੰਡੀਆ ਟ੍ਰਾਈਬਲ ਗੇਮਸ 2026 ਸਮੇਤ ਖੇਲੋ ਇੰਡੀਆ ਗੇਮਸ ਦੇ 23 ਐਡੀਸ਼ਨ ਆਯੋਜਿਤ ਕੀਤੇ ਜਾ ਚੁੱਕੇ ਹਨ। ਇਸ ਵਿੱਚ ਖੇਲੋ ਇੰਡੀਆ ਯੂਥ ਗੇਮਸ ਦੇ 7 ਐਡੀਸ਼ਨ, ਖੇਲੋ ਇੰਡੀਆ ਯੂਨੀਵਰਸਿਟੀ ਗੇਮਸ ਦੇ 5 ਐਡੀਸ਼ਨ, ਖੇਲੋ ਇੰਡੀਆ ਵਿੰਟਰ ਗੇਮਸ ਦੇ 5 ਐਡੀਸ਼ਨ, ਖੇਲੋ ਇੰਡੀਆ ਪੈਰਾ ਗੇਮਸ ਦੇ 2 ਐਡੀਸ਼ਨ, ਖੇਲੋ ਇੰਡੀਆ

## ਖੇਡਾਂ ਦੀਆਂ ਇਹ ਵੀ ਯੋਜਨਾਵਾਂ

### ਟੌਪਸ (ਟੀਓਪੀਐੱਸ) ਨਾਲ ਤਿਆਰ ਹੋ ਰਹੇ ਹਨ ਓਲੰਪਿਕ ਦੇ ਪੋਡੀਅਮ ਖਿਡਾਰੀ

ਟਾਰਗੇਟ ਓਲੰਪਿਕ ਪੋਡੀਅਮ ਸਕੀਮ (ਟੀਓਪੀਐੱਸ) ਸਾਲ 2014 ਤੋਂ ਲਾਗੂ ਕੀਤੀ ਜਾ ਰਹੀ ਹੈ। ਇਸ ਦਾ ਉਦੇਸ਼ ਓਲੰਪਿਕ ਅਤੇ ਪੈਰਾਲੰਪਿਕ ਗੇਮਸ ਵਿੱਚ ਭਾਰਤ ਦੇ ਮੈਡਲ ਜਿੱਤਣ ਦੀਆਂ ਸੰਭਾਵਨਾਵਾਂ ਨੂੰ ਵਧਾਉਣਾ ਹੈ। ਇਸ ਵਿੱਚ ਉੱਤਮ ਸਮਰੱਥਾ ਵਾਲੇ ਐਥਲੀਟਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਅਨੁਕੂਲਿਤ ਐਂਡ-ਟੂ- ਐਂਡ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਟੌਪਸ ਕੋਰ ਐਥਲੀਟਾਂ ਦੇ ਲਈ 50 ਹਜ਼ਾਰ ਰੁਪਏ ਮਹੀਨਾਵਾਰ ਅਤੇ ਟੀਓਪੀਐੱਸ ਡਿਵੈਲਪਮੈਂਟ ਐਥਲੀਟਾਂ ਦੇ ਲਈ 25 ਹਜ਼ਾਰ ਰੁਪਏ ਮਹੀਨਾਵਾਰ ਆਉਟ ਆਫ ਪਾਕੇਟ ਭੱਤੇ ਦੇ ਨਾਲ ਹੀ ਟ੍ਰੇਨਿੰਗ, ਖੇਡ ਵਿਗਿਆਨ ਅਤੇ ਸਹਾਇਤਾ ਸੇਵਾਵਾਂ ਸਮੇਤ ਕਈ ਤਰ੍ਹਾਂ ਦੀ ਸਹਾਇਤਾ ਦਿੱਤੀ ਜਾਂਦੀ ਹੈ।

#### ਟੌਪਸ ਵਿੱਚ ਦਿੱਤੀ ਜਾਣ ਵਾਲੀ ਸਹਾਇਤਾ

**51** ਕੋਰ ਐਥਲੀਟ | **52** ਪੈਰਾ ਕੋਰ ਐਥਲੀਟ

**130** ਡਿਵੈਲਪਮੈਂਟ ਐਥਲੀਟ





## ਦੇਸ਼ ਵਿੱਚ ਪਹਿਲੀ ਵਾਰ ਖੇਲੋ ਇੰਡੀਆ ਟ੍ਰਾਈਬਲ ਗੇਮਸ

ਖੇਲੋ ਇੰਡੀਆ ਦੇ ਤਹਿਤ ਹੁਣ ਤੱਕ ਖੇਲੋ ਇੰਡੀਆ ਯੂਥ ਗੇਮਸ, ਖੇਲੋ ਇੰਡੀਆ ਯੂਨੀਵਰਸਿਟੀ ਗੇਮਸ, ਖੇਲੋ ਇੰਡੀਆ ਵਿੰਟਰ ਗੇਮਸ, ਖੇਲੋ ਇੰਡੀਆ ਪੈਰਾ ਗੇਮਸ, ਖੇਲੋ ਇੰਡੀਆ ਬੀਚ ਗੇਮਸ ਅਤੇ ਖੇਲੋ ਇੰਡੀਆ ਵਾਟਰ ਸਪੋਰਟਸ ਫੈਸਟੀਵਲ ਆਯੋਜਿਤ ਕੀਤੇ ਗਏ ਸਨ। ਇਸ ਵਰ੍ਹੇ ਪਹਿਲੀ ਵਾਰ ਖੇਲੋ ਇੰਡੀਆ ਟ੍ਰਾਈਬਲ ਗੇਮਸ ਦੀਆਂ ਪ੍ਰਤੀਯੋਗਿਤਾਵਾਂ 25 ਮਾਰਚ ਤੋਂ 6 ਅਪ੍ਰੈਲ ਤੱਕ ਛੱਤੀਸਗੜ੍ਹ ਦੇ ਤਿੰਨ ਸ਼ਹਿਰਾਂ- ਰਾਏਪੁਰ, ਜਗਦਾਲਪੁਰ ਅਤੇ ਸਰਗੁਜਾ ਵਿੱਚ ਆਯੋਜਿਤ ਕੀਤੀਆਂ ਗਈਆਂ। ਇਸ ਵਿੱਚ ਐਥਲੈਟਿਕਸ, ਫੁੱਟਬਾਲ, ਹਾਕੀ, ਵੇਟਲਿਫਟਿੰਗ, ਤੀਰਅੰਦਾਜ਼ੀ, ਤੈਰਾਕੀ ਅਤੇ ਕੁਸ਼ਤੀ ਦੇ ਸੱਤ ਮੈਡਲਾਂ ਦੇ ਲਈ ਪ੍ਰਤੀਯੋਗਿਤਾਵਾਂ ਹੋਈਆਂ।



**" ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ ਵਿੱਚ ਭਾਰਤ ਦਾ ਦਬਦਬਾ ਵਧਾਉਣ ਅਤੇ ਸਪੋਰਟਿੰਗ ਟੈਲੰਟ ਦੀ ਸਕੂਲ ਪੱਧਰ 'ਤੇ ਹੀ ਪਛਾਣ ਕਰਕੇ ਉਨ੍ਹਾਂ ਨੂੰ ਟ੍ਰੇਂਡ ਕਰ ਰਹੀ ਹੈ। ਖੇਲੋ ਇੰਡੀਆ ਤੋਂ ਲੈ ਕੇ ਟੌਪਸ (TOPS) ਸਕੀਮ ਤੱਕ, ਇੱਕ ਪੂਰਾ ਈਕੋਸਿਸਟਮ, ਇਸ ਦੇ ਲਈ ਵਿਕਸਿਤ ਕੀਤਾ ਗਿਆ ਹੈ।"**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਵਿੱਚ ਗੇਮਸ ਦੇ 2 ਐਡੀਸ਼ਨ, ਖੇਲੋ ਇੰਡੀਆ ਵਾਟਰ ਸਪੋਰਟਸ ਫੈਸਟੀਵਲ ਦਾ 1 ਐਡੀਸ਼ਨ ਸ਼ਾਮਲ ਹੈ। ਇਨ੍ਹਾਂ ਖੇਡਾਂ ਵਿੱਚ 60 ਹਜ਼ਾਰ ਤੋਂ ਵੱਧ ਐਥਲੀਟਾਂ ਨੇ ਹਿੱਸਾ ਲਿਆ ਹੈ।

### 34 ਖੇਡਾਂ ਵਿੱਚ ਮਹਿਲਾਵਾਂ ਲਈ ਖੇਡ ਲੀਗ

ਖੇਡਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਦੇ ਲਈ ਖੇਲੋ ਇੰਡੀਆ ਮਹਿਲਾ ਲੀਗ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਫਰਵਰੀ, 2026 ਤੱਕ 34 ਖੇਡ ਵਿਧਾਵਾਂ ਵਿੱਚ ਮਹਿਲਾ ਲੀਗ ਆਯੋਜਿਤ ਕੀਤੀਆਂ ਗਈਆਂ। ਮਹਿਲਾ ਐਥਲੀਟਾਂ ਦੇ ਲਈ 2,407 ਪ੍ਰਤੀਯੋਗਿਤਾਵਾਂ ਆਯੋਜਿਤ ਕੀਤੀਆਂ ਗਈਆਂ। ਇਸ ਵਿੱਚ 2 ਲੱਖ ਤੋਂ ਵੱਧ ਉਮੀਦਵਾਰਾਂ ਨੇ ਹਿੱਸਾ ਲਿਆ।

### ਜੰਮੂ ਅਤੇ ਕਸ਼ਮੀਰ ਦੇ ਹਰ ਜ਼ਿਲ੍ਹੇ ਵਿੱਚ 5 ਖੇਲੋ ਇੰਡੀਆ ਸੈਂਟਰ

ਖੇਲੋ ਇੰਡੀਆ ਯੋਜਨਾ ਦੇ ਤਹਿਤ, ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਦੇ ਹਰ ਜ਼ਿਲ੍ਹੇ ਵਿੱਚ ਸਧਾਰਣ ਮਿਆਰਾਂ ਦੇ ਅਨੁਸਾਰ 5 ਖੇਲੋ ਇੰਡੀਆ ਕੇਂਦਰ ਸਥਾਪਿਤ ਕਰਨ ਦਾ ਪ੍ਰਾਵਧਾਨ ਨੋਟੀਫਾਇਡ ਕੀਤਾ ਗਿਆ ਹੈ। ਇਹ ਜੰਮੂ ਅਤੇ ਕਸ਼ਮੀਰ ਦੇ ਲਈ ਇੱਕ ਵਿਸ਼ੇਸ਼ ਕਦਮ ਹੈ। ਹੁਣ ਤੱਕ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ 100 ਖੇਲੋ ਇੰਡੀਆ ਕੇਂਦਰ ਨੋਟੀਫਾਈ ਕੀਤੇ ਜਾ ਚੁੱਕੇ ਹਨ।

### ਬੱਚਿਆਂ ਦੇ ਵਿਚਕਾਰ ਖੇਡ ਪ੍ਰਤਿਭਾ ਪਹਿਚਾਣ ਦੀ ਪਹਿਲ 'ਕੀਰਤੀ'

ਕੀਰਤੀ (ਖੇਲੋ ਇੰਡੀਆ ਰਾਈਜ਼ਿੰਗ ਟੈਲੰਟ ਆਈਡੈਂਟੀਫਿਕੇਸ਼ਨ) 9 ਤੋਂ 18 ਵਰ੍ਹਿਆਂ ਦੀ ਉਮਰ ਦੇ ਬੱਚਿਆਂ ਦੇ ਵਿਚਕਾਰ ਖੇਡ ਪ੍ਰਤਿਭਾ ਦੀ ਪਹਿਚਾਣ ਅਤੇ ਪੋਸ਼ਣ ਕਰਨ ਦੇ ਲਈ ਇੱਕ ਰਾਸ਼ਟਰਵਿਆਪੀ ਪਹਿਲ ਹੈ। ਦੇਸ਼ ਭਰ ਵਿੱਚ 174 ਤੋਂ ਵੱਧ ਪ੍ਰਤਿਭਾ ਮੁਲਾਂਕਣ ਕੇਂਦਰਾਂ ਦੇ ਜ਼ਰੀਏ ਪ੍ਰਤਿਭਾਵਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਇਹ ਪਹਿਲ ਯੁਵਾ ਐਥਲੀਟਾਂ ਦੇ ਮਜ਼ਬੂਤ ਕ੍ਰਮ ਨੂੰ ਯਕੀਨੀ ਬਣਾਉਂਦੀ ਹੈ ਜੋ ਕਿ ਹੈ ਭਾਰਤ ਨੂੰ ਆਲਮੀ ਖੇਡਾਂ ਵਿੱਚ ਵਧੇਰੇ ਉਚਾਈਆਂ ਤੱਕ ਲੈ ਜਾ ਸਕਦੇ ਹਨ। ਕੀਰਤੀ ਦਾ ਟੀਚਾ ਐਥਲੀਟਾਂ ਦੇ ਇੱਕ ਸਥਾਈ ਅਤੇ ਨਿਰੰਤਰ ਸਮੂਹ ਦਾ ਨਿਰਮਾਣ ਕਰਨਾ ਹੈ ਤਾਂ ਜੋ ਭਾਰਤ ਨੂੰ 2036 ਤੱਕ ਟੌਪ 10 ਖੇਡਾਂ ਵਾਲੇ ਦੇਸ਼ ਅਤੇ 2047 ਤੱਕ ਟੌਪ 5 ਦੇਸ਼ ਬਣਨ ਵਿੱਚ ਮਦਦ ਮਿਲ ਸਕੇ। *

ਵਰਲਡ ਹੈਰੀਟੇਜ਼ ਡੇਅ : 18 ਅਪ੍ਰੈਲ 2026

## ਵਰਲਡ ਹੈਰੀਟੇਜ਼ ਵਿੱਚ ਸ਼ਾਮਲ


# ਦੇਸ਼ ਦਾ ਸਾਰ

ਸਾਡੀ ਵਿਰਾਸਤ ਸਿਰਫ਼ ਪੱਥਰਾਂ, ਲਿਪੀਆਂ ਜਾਂ ਖੰਡਹਰਾਂ ਨਾਲ ਨਹੀਂ ਬਣੀ ਹੈ। ਇਹ ਮੰਦਿਰ ਦੀ ਦੀਵਾਰ ਦੀ ਹਰੇਕ ਫੁਸਫੁਸਾਹਟ, ਪ੍ਰਾਚੀਨ ਕਿਲ੍ਹਿਆਂ ਦੀ ਹਰੇਕ ਨੱਕਾਸ਼ੀ ਅਤੇ ਪੀੜ੍ਹੀਆਂ ਤੋਂ ਚਲਦੇ ਆ ਰਹੇ ਇੱਕ- ਇੱਕ ਲੋਕਗੀਤ ਵਿੱਚ ਮੌਜੂਦ ਹੈ। ਹਰ ਵਰ੍ਹੇ 18 ਅਪ੍ਰੈਲ ਨੂੰ ਮਨਾਇਆ ਜਾਣ ਵਾਲਾ ਵਰਲਡ ਹੈਰੀਟੇਜ਼ ਡੇਅ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਨ੍ਹਾਂ ਸਦੀਵੀ ਖਜਾਨਿਆਂ ਦੀ ਨਾ ਸਿਰਫ਼ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ, ਸਗੋਂ ਉਨ੍ਹਾਂ ਨੂੰ ਕੀਤਾ ਜਾਣਾ ਚਾਹੀਦਾ ਹੈ ਸੁਰੱਖਿਅਤ....



**ਸੱਭਿਆਚਾਰਕ ਧਰੋਹਰ ਸਿਰਫ਼ ਇਤਿਹਾਸ ਨਹੀਂ ਹੈ ਸਗੋਂ ਇਹ ਮਨੁੱਖਤਾ ਦੀ ਸਾਂਝੀ ਚੇਤਨਾ ਹੈ। ਜਦੋਂ ਵੀ ਅਸੀਂ ਇਤਿਹਾਸਕ ਸਥਾਨਾਂ ਨੂੰ ਦੇਖਦੇ ਹਾਂ ਤਾਂ ਸਾਡੀ ਸੋਚ ਮੌਜੂਦਾ ਭੂ-ਰਾਜਨੀਤਿਕ ਕਾਰਕਾਂ ਤੋਂ ਉੱਪਰ ਉੱਠ ਜਾਂਦੀ ਹੈ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



### 18 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ ਵਰਲਡ ਹੈਰੀਟੇਜ਼ ਡੇਅ

ਵਰਲਡ ਹੈਰੀਟੇਜ਼ ਡੇਅ ਹਰ ਵਰ੍ਹੇ 18 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਸ ਨੂੰ ਸਮਾਰਕਾਂ ਅਤੇ ਸਾਈਟਾਂ ਦੇ ਲਈ ਅੰਤਰਰਾਸ਼ਟਰੀ ਦਿਵਸ ਵੀ ਕਿਹਾ ਜਾਂਦਾ ਹੈ। ਇਹ ਦਿਨ ਮਨੁੱਖੀ ਵਿਰਾਸਤ ਦਾ ਸਨਮਾਨ ਅਤੇ ਸੁਰੱਖਿਆ ਕਰਨ ਦੇ ਲਈ ਹੈ। ਇਸ ਦਿਵਸ ਦੀ ਸ਼ੁਰੂਆਤ 1982 ਵਿੱਚ ਸਮਾਰਕ ਅਤੇ ਸਾਈਟਾਂ 'ਤੇ ਅੰਤਰਰਾਸ਼ਟਰੀ ਪ੍ਰੀਸ਼ਦ (ਆਈਸੀਓਐੱਮਓਐੱਸ) ਦੁਆਰਾ ਕੀਤੀ ਗਈ ਸੀ। ਬਾਅਦ ਵਿੱਚ 1983 ਵਿੱਚ ਯੂਨੈਸਕੋ ਨੇ ਅਧਿਕਾਰਤ ਤੌਰ 'ਤੇ ਇਸ ਨੂੰ ਅਪਣਾ ਲਿਆ।

### ਦੇਸ਼ ਵਿੱਚ 44 ਵਰਲਡ ਹੈਰੀਟੇਜ਼ ਸਾਈਟਾਂ

ਸੱਭਿਆਚਾਰਕ ਵਰਲਡ ਹੈਰੀਟੇਜ਼ ਸਾਈਟਾਂ **36**

ਨੈਚੁਰਲ ਵਰਲਡ ਹੈਰੀਟੇਜ਼ ਸਾਈਟਾਂ **07**

ਮਿਕਸਡ ਵਰਲਡ ਹੈਰੀਟੇਜ਼ ਸਾਈਟ **01**



# 2014 ਤੋਂ ਬਾਅਦ ਯੂਨੈਸਕੋ ਵਰਲਡ ਹੈਰੀਟੇਜ਼ ਲਿਸਟ ਵਿੱਚ ਸ਼ਾਮਲ ਵਿਰਾਸਤ


2021
ਕਾਕਤੀਯ ਰੁਦ੍ਰੇਸ਼ਵਰ (ਰਾਮੱਪਾ) ਮੰਦਿਰ, ਤੇਲੰਗਾਨਾ


2014
ਪਾਟਨ ਵਿਖੇ ਰਾਨੀ- ਕੀ- ਵਾਵ (ਰਾਣੀ ਕੀ ਬਾਵੜੀ), ਗੁਜਰਾਤ


2014
ਗ੍ਰੇਟ ਹਿਮਾਲਿਅਨ ਨੈਸ਼ਨਲ ਪਾਰਕ, ਹਿਮਾਚਲ ਪ੍ਰਦੇਸ਼


2016
ਨਾਲੰਦਾ ਯੂਨੀਵਰਸਿਟੀ ਦੀ ਆਰਕਾਲੋਜੀ ਸਾਈਟ, ਬਿਹਾਰ



2016
ਲੇ ਕਾਰਬੂਜ਼ੀਅਰ ਦੀ ਆਰਕੀਟੈਕਚਰਲ ਕਲਾ, ਚੰਡੀਗੜ੍ਹ


2025
ਭਾਰਤ ਦੇ ਮਰਾਠਾ ਮਿਲਟਰੀ ਲੈਂਡਸਕੇਪ, ਮਹਾਰਾਸ਼ਟਰ


2016
ਖਾਂਦਚੇਂਦਜ਼ੋਂਗਾ ਨੈਸ਼ਨਲ ਪਾਰਕ, ਸਿੱਕਿਮ



2017
ਗੁਜਰਾਤ ਦਾ ਇਤਿਹਾਸਕ ਸ਼ਹਿਰ, ਅਹਿਮਦਾਬਾਦ



2018
ਮੁੰਬਈ ਦਾ ਵਿਕਟੋਰੀਅਨ ਅਤੇ ਆਰਟ ਡੈਕੋ ਸ਼ੈਲੀ ਦਾ ਸਮੂਹ, ਮਹਾਰਾਸ਼ਟਰ


2019
ਜੈਪੁਰ ਸ਼ਹਿਰ, ਰਾਜਸਥਾਨ


2021
ਧੋਲਾਵੀਰਾ : ਹੜੱਪਾ ਕਾਲੀਨ ਸ਼ਹਿਰ, ਗੁਜਰਾਤ


2023
ਹੋਯਸਾਲਾ ਦੇ ਪਵਿੱਤਰ ਸਮੂਹ, ਕਰਨਾਟਕ


2023
ਸ਼ਾਂਤੀ ਨਿਕੇਤਨ, ਵਿਸ਼ਵ ਭਾਰਤੀ


2024
ਮੋਇਦਾਮ –ਅਹੋਮ ਰਾਜਵੰਸ਼ ਦਾ ਮਾਉਂਟੇਨ ਬੁਰਿਅਲ ਸਿਸਟਮ, ਅਸਾਮ

## 2014 ਤੋਂ ਬਾਅਦ ਯੂਨੈਸਕੋ ਪ੍ਰਤੀਨਿਧੀ ਸੂਚੀ ਵਿੱਚ ਸ਼ਾਮਲ ਅਮੂਰਤ ਸੱਭਿਆਚਾਰਕ ਵਿਰਾਸਤ

| | |
|---|---|
| ਜੰਡਿਆਲਾ ਗੁਰੂ : ਭਾਰਤੀ ਠਠੇਰਿਆਂ ਦੀ ਪਿੱਤਲ ਅਤੇ ਤਾਂਬੇ ਦੇ ਭਾਂਡੇ ਬਣਾਉਣ ਦੀ ਰਵਾਇਤੀ ਕਲਾ, ਪੰਜਾਬ | 2014 |
| ਯੋਗ, ਸਾਰੇ ਰਾਜ | 2016 |
| ਨੌਰੂਜ਼, ਸਾਰੇ ਰਾਜ | 2016 |
| ਕੁੰਭ ਮੇਲਾ, ਉੱਤਰ ਪ੍ਰਦੇਸ਼, ਉੱਤਰਾਖੰਡ, ਮਹਾਰਾਸ਼ਟਰ, ਮੱਧ ਪ੍ਰਦੇਸ਼ | 2017 |
| ਕੋਲਕਾਤਾ ਵਿੱਚ ਦੁਰਗਾ ਪੂਜਾ, ਪੱਛਮ ਬੰਗਾਲ | 2021 |
| ਗੁਜਰਾਤ ਦਾ ਗਰਬਾ | 2023 |

## ਵਰਲਡ ਹੈਰੀਟੇਜ਼ ਲਿਸਟ ਵਿੱਚ ਸ਼ਾਮਲ ਕਰਨ ਦੇ ਲਈ ਵਰਲਡ ਹੈਰੀਟੇਜ਼ ਸੈਂਟਰ ਨੂੰ ਭੇਜਿਆ ਗਿਆ ਪ੍ਰਸਤਾਵ


ਪ੍ਰਾਚੀਨ ਬੁੱਧ ਸਥਾਨ, ਸਾਰਨਾਥ
(2025-26)


ਜਿੰਗਕਿਐਂਗਜਰੀ /ਲਯੂ ਚਰਾਈ ਸੱਭਿਆਚਾਰਕ ਦ੍ਰਿਸ਼
(2026-27)




# ਪੂਰੀ ਮਨੁੱਖਤਾ ਨੂੰ ਮਿਲੇਗਾ

## ਭਾਰਤ ਦੀ ਏਆਈ ਅਤੇ ਸੈਮੀਕੰਡਕਟਰ ਪਹਿਲ ਦਾ ਲਾਭ

**ਅੱਜ ਜਦੋਂ ਦੁਨੀਆ ਵਿੱਚ ਭਾਰਤ ਦੇ ਵਿਕਾਸ ਅਤੇ ਪ੍ਰਗਤੀ ਦੀ ਚਰਚਾ ਹੁੰਦੀ ਹੈ ਤਾਂ 'ਗੁਜਰਾਤ ਮਾਡਲ' ਦੀ ਸ਼ਲਾਘਾ ਕੀਤੀ ਜਾਂਦੀ ਹੈ ਕਿਉਂਕਿ ਗੁਜਰਾਤ ਨੇ ਦਿਖਾਇਆ ਹੈ ਕਿ ਵਿਕਾਸ ਦੇ ਲਈ ਭਲਾਈ ਯੋਜਨਾਵਾਂ ਵੀ ਓਨੀਆਂ ਹੀ ਮਹੱਤਵਪੂਰਨ ਹਨ, ਜਿੰਨੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਸ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 31 ਮਾਰਚ ਨੂੰ ਗੁਜਰਾਤ ਵਿੱਚ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦੀਆਂ ਸੌਗਾਤਾਂ ਦਿੱਤੀਆਂ। ਨਾਲ ਹੀ, ਇੱਥੇ ਵਿਰਾਸਤ ਨਾਲ ਜੁੜੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਅਤੇ ਕਿਹਾ ਕਿ 21ਵੀਂ ਸਦੀ ਦਾ ਭਾਰਤ ਸਿਰਫ਼ ਤਬਦੀਲੀ ਦਾ ਗਵਾਹ ਨਹੀਂ, ਸਗੋਂ ਤਬਦੀਲੀ ਦੀ ਅਗਵਾਈ ਕਰਨ ਦੇ ਸੰਕਲਪ ਦੇ ਨਾਲ ਵਧ ਰਿਹਾ ਹੈ ਅੱਗੇ ......**

ਭਾਰਤ ਦੀ ਅਗਵਾਈ ਦਾ ਵਿਜ਼ਨ ਬਿਲਕੁਲ ਸਪਸ਼ਟ ਹੈ। ਜਦੋਂ ਪਿੰਡ ਬਜ਼ਾਰਾਂ ਨਾਲ, ਕਿਸਾਨ ਮੌਕਿਆਂ ਨਾਲ ਅਤੇ ਨੌਜਵਾਨ ਰੁਜ਼ਗਾਰ ਨਾਲ ਜੁੜਦੇ ਹਨ, ਤਾਂ ਓਹੀ ਅਸਲ ਵਿਕਾਸ ਹੈ। ਇਹੀ ਉਹ ਵਿਜ਼ਨ ਹੈ ਜਿਸ ਦੀ ਵਜ੍ਹਾ ਨਾਲ ਦੇਸ਼ ਵਿੱਚ ਇਨਫ੍ਰਾਸਟ੍ਰਕਚਰ 'ਤੇ ਲਗਾਤਾਰ ਨਾ ਸਿਰਫ਼ ਵੱਡੀ ਰਾਸ਼ੀ ਖਰਚ ਕੀਤੀ ਜਾ ਰਹੀ ਹੈ ਸਗੋਂ ਉਸ ਨੂੰ ਸਮੇਂ ਸਿਰ ਪੂਰਾ ਕਰਕੇ ਨਾਗਰਿਕਾਂ ਨੂੰ ਉਸ ਦਾ ਲਾਭ ਵੀ ਦਿੱਤਾ ਜਾ ਰਿਹਾ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ 31 ਮਾਰਚ ਨੂੰ ਗੁਜਰਾਤ ਦੌਰੇ 'ਤੇ ਪਹੁੰਚੇ, ਜਿੱਥੇ ਤਿੰਨ ਜਨਤਕ ਸਭਾਵਾਂ ਨੂੰ ਸੰਬੋਧਨ ਕੀਤਾ। ਵਾਵ-ਥਰਾਦ ਵਿੱਚ ਪਿੰਡ ਨੂੰ ਬਜ਼ਾਰ ਨਾਲ ਜੋੜਨ ਵਾਲੇ ਰੋਡ ਅਤੇ ਰੇਲ ਸੰਪਰਕ ਦੇ ਕਈ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕੀਤਾ ਤਾਂ ਨਾਲ ਹੀ ਰੁਜ਼ਗਾਰ ਨੂੰ ਬੈਸਟ ਦੇਣ ਵਾਲੇ ਸੈਮੀਕੌਨ ਪਲਾਂਟ ਦਾ ਵੀ

**" ਭਾਰਤ ਦਾ ਸੈਮੀਕੰਡਕਟਰ ਉਦਯੋਗ ਵੱਖ- ਵੱਖ ਰਾਜਾਂ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਜਿਸ ਨਾਲ ਅਣਗਿਣਤ ਨੌਜਵਾਨਾਂ ਦੇ ਲਈ ਨਵੇਂ ਮੌਕੇ ਪੈਦਾ ਹੋ ਰਹੇ ਹਨ। ਹੁਣ ਅਸੀਂ ਇਨ੍ਹਾਂ ਯਤਨਾਂ ਨੂੰ ਹੋਰ ਜ਼ਿਆਦਾ ਵਿਸਥਾਰ ਦੇਣ ਦੇ ਲਈ 'ਸੈਮੀਕੰਡਕਟਰ ਮਿਸ਼ਨ 2.0' 'ਤੇ ਕੰਮ ਕਰ ਰਹੇ ਹਾਂ।**

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

### ਪ੍ਰਧਾਨ ਮੰਤਰੀ ਮੋਦੀ ਨੇ 9 ਸੰਕਲਪ ਦੁਹਰਾਏ

## 10ਵਾਂ ਸੰਕਲਪ ਜੋੜਿਆ

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਹੈ ਕਿ ਅਸੀਂ ਨਿਜੀ ਇੱਛਾਵਾਂ ਤੋਂ ਉੱਪਰ ਉੱਠ ਕੇ ਸਮਾਜ ਅਤੇ ਰਾਸ਼ਟਰ ਦੇ ਟੀਚਿਆਂ ਦੇ ਲਈ ਕੰਮ ਕਰਦੇ ਹਾਂ, ਤਾਂ ਦੇਸ਼ ਦੇ ਵਿਕਾਸ ਨੂੰ ਹੋਰ ਗਤੀ ਮਿਲ ਜਾਂਦੀ ਹੈ। ਇਸੇ ਭਾਵਨਾ ਦੇ ਵਿਸਥਾਰ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਪਹਿਲਾਂ ਰਾਸ਼ਟਰ ਦੇ ਸਾਹਮਣੇ ਰੱਖੇ ਨੌਂ (9) ਸੰਕਲਪਾਂ ਵਿੱਚ ਆਪਣਾ 10ਵਾਂ ਸੰਕਲਪ ਵੀ ਜੋੜਿਆ ......

1. ਪਹਿਲਾ ਸੰਕਲਪ- ਪਾਣੀ ਬਚਾਉਣ ਦਾ।
2. ਦੂਜਾ ਸੰਕਲਪ- ਏਕ ਪੇੜ ਮਾਂ ਕੇ ਨਾਮ।
3. ਤੀਸਰਾ ਸੰਕਲਪ- ਸਵੱਛਤਾ ਦਾ ਮਿਸ਼ਨ।
4. ਚੌਥਾ ਸੰਕਲਪ- ਵੋਕਲ ਫਾਰ ਲੋਕਲ।
5. ਪੰਜਵਾਂ ਸੰਕਲਪ- ਦੇਸ਼ ਦਰਸ਼ਨ।
6. ਛੇਵਾਂ ਸੰਕਲਪ- ਨੈਚੁਰਲ ਫਾਰਮਿੰਗ ਨੂੰ ਅਪਣਾਉਣਾ।
7. ਸੱਤਵਾਂ ਸੰਕਲਪ: ਹੈਲਦੀ ਲਾਈਫ ਸਟਾਈਲ ਨੂੰ ਅਪਣਾਉਣਾ।
8. ਅੱਠਵਾਂ ਸੰਕਲਪ: ਯੋਗਾ ਅਤੇ ਖੇਡਾਂ ਨੂੰ ਜੀਵਨ ਵਿੱਚ ਲਿਆਉਣਾ।
9. ਨੌਂਵਾਂ ਸੰਕਲਪ: ਗ਼ਰੀਬਾਂ ਦੀ ਸਹਾਇਤਾ ਕਰਨਾ।
10. ਦਸਵਾਂ ਸੰਕਲਪ: ਭਾਰਤ ਦੀ ਵਿਰਾਸਤ ਦੀ ਸੁਰੱਖਿਆ।

## ਸਾਨੰਦ ਕੇਨਸ ਸੈਮੀਕੌਨ ਪਲਾਂਟ ਦਾ ਉਦਘਾਟਨ

- ਕੇਨਸ ਸੈਮੀਕੌਨ ਪਲਾਂਟ ਵਿੱਚ ਵਣਜ ਉਤਪਾਦਨ ਦੀ ਸ਼ੁਰੂਆਤ ਐਡਵਾਂਸਡ ਇੰਟੈਲੀਜੈਂਟ ਪਾਵਰ ਮੌਡਿਊਲ ਦੇ ਨਿਰਮਾਣ ਨਾਲ ਹੋਈ।
- ਇਹ ਪਲਾਂਟ ਇੰਡੀਆ ਸੈਮੀਕੰਡਕਟਰ ਮਿਸ਼ਨ ਦੇ ਤਹਿਤ ਮਨਜ਼ੂਰ ਪਲਾਂਟਾਂ ਵਿੱਚੋਂ ਮਾਈਕ੍ਰੋਨ ਟੈਕਨੋਲੋਜੀ ਤੋਂ ਬਾਅਦ ਵਣਜ ਸਬੰਧੀ ਉਤਪਾਦਨ ਸ਼ੁਰੂ ਕਰਨ ਵਾਲੀ ਦੂਜੀ ਸੈਮੀਕੰਡਕਟਰ ਸੁਵਿਧਾ ਹੈ।
- ਪਲਾਂਟ ਦੇ ਸਾਰੇ ਪੜਾਅ ਪੂਰੇ ਹੋਣ 'ਤੇ, ਇਸ ਦੀ ਉਤਪਾਦਨ ਸਮਰੱਥਾ ਰੋਜ਼ਾਨਾ 6.33 ਮਿਲੀਅਨ ਯੂਨਿਟ ਹੋਵੇਗੀ।
- ਇਹ ਪ੍ਰੋਜੈਕਟ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਇਸ ਦੇ ਤਹਿਤ ਭਾਰਤ ਦੀ ਦੂਜੀ ਆਊਟ ਸੋਰਸਡ ਸੈਮੀਕੰਡਕਟਰ ਅਸੈਂਬਲੀ ਐਂਡ ਟੈਸਟ/ ਅਸੈਂਬਲੀ, ਟੈਸਟਿੰਗ, ਮਾਰਕਿੰਗ ਅਤੇ ਪੈਕਿੰਗ ਯੂਨਿਟ ਉਤਪਾਦਨ ਪੜਾਅ ਵਿੱਚ ਪ੍ਰਵੇਸ਼ ਕਰ ਗਈ ਹੈ।
- ਇਹ ਸਹੂਲਤ ਸਵਦੇਸ਼ੀ ਸੈਮੀਕੰਡਕਟਰ ਪੈਕੇਜਿੰਗ ਸਮਰੱਥਾ ਦੇ ਨਿਰਮਾਣ ਵਿੱਚ ਯੋਗਦਾਨ ਦੇਵੇਗੀ, ਭਾਰਤ ਦੇ ਚਿੱਪ ਈਕੋਸਿਸਟਮ ਵਿੱਚ ਇੱਕ ਮਹੱਤਵਪੂਰਨ ਕਮੀ ਨੂੰ ਦੂਰ ਕਰੇਗੀ।



## 20 ਹਜ਼ਾਰ ਕਰੋੜ ਰੁਪਏ ਦੇ ਤੋਹਫ਼ੇ

**ਪ੍ਰਧਾਨ ਮੰਤਰੀ ਮੋਦੀ ਨੇ ਵਾਵ-ਥਾਰਦ ਵਿੱਚ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕਰਕੇ ਰਾਸ਼ਟਰ ਨੂੰ ਸਮਰਪਿਤ ਕੀਤਾ।**

ਅਹਿਮਦਾਬਾਦ ਦੇ ਸਾਨੰਦ ਵਿਖੇ ਉਦਘਾਟਨ ਕੀਤਾ। ਇੰਨਾ ਹੀ ਨਹੀਂ, ਇੱਥੇ ਪਾਣੀ, ਨਵਿਆਉਣਯੋਗ ਊਰਜਾ, ਟੂਰਿਜ਼ਮ ਨਾਲ ਜੁੜੇ ਪ੍ਰੋਜੈਕਟਾਂ ਨੂੰ ਸਮਰਪਿਤ ਕੀਤਾ। ਇਸ ਦੇ ਨਾਲ ਹੀ, ਗਾਂਧੀ ਨਗਰ ਵਿੱਚ ਮਹਾਵੀਰ ਜਯੰਤੀ 'ਤੇ ਸਮਰਾਟ ਸੰਪ੍ਰਤੀ ਮਿਊਜ਼ੀਅਮ (Samrat Samprati Museum) ਦਾ ਵੀ ਪ੍ਰਧਾਨ ਮੰਤਰੀ ਮੋਦੀ ਨੇ ਉਦਘਾਟਨ ਕੀਤਾ।

ਗੁਜਰਾਤ ਦੇ ਸਾਨੰਦ ਵਿੱਚ ਕੇਨਸ ਸੈਮੀਕੌਨ ਓਸੈਟ ਸਹੂਲਤ ਦਾ ਪ੍ਰਧਾਨ ਮੰਤਰੀ ਮੋਦੀ ਨੇ ਉਦਘਾਟਨ ਕੀਤਾ ਜੋ ਕਿ ਭਵਿੱਖ ਦੀਆਂ ਤਕਨਾਲੋਜੀਆਂ ਅਤੇ ਨਵੀਨਤਾ ਵਿੱਚ ਮੋਹਰੀ ਰੂਪ ਵਿੱਚ ਉੱਭਰਣ ਦੇ ਭਾਰਤ ਦੇ ਯਤਨਾਂ ਨੂੰ ਹੋਰ ਗਤੀ ਦੇਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 28 ਫਰਵਰੀ ਨੂੰ ਮਾਈਕ੍ਰੋਨ ਦੇ ਪਲਾਂਟ ਵਿੱਚ ਪ੍ਰੋਡਕਸ਼ਨ ਦੀ ਸ਼ੁਰੂਆਤ ਹੋਈ ਸੀ ਅਤੇ 31 ਮਾਰਚ ਨੂੰ ਕੇਨਸ ਟੈਕਨੋਲੋਜੀ ਦੇ ਸੈਮੀਕੰਡਕਟਰ ਪਲਾਂਟ ਵਿੱਚ ਪ੍ਰੋਡਕਸ਼ਨ ਸ਼ੁਰੂ ਹੋ ਰਿਹਾ ਹੈ। ਭਾਰਤ ਦੀ ਇਸ ਪ੍ਰਾਪਤੀ 'ਤੇ ਉਨ੍ਹਾਂ ਨੇ ਕਿਹਾ ਕਿ ਇਹ ਭਾਰਤ ਦਾ 'ਟੇਕੇਡ' ਹੈ! ਤਕਨਾਲੋਜੀ, ਏਆਈ ਅਤੇ ਸੈਮੀਕੰਡਕਟਰ ਦੇ ਖੇਤਰ ਵਿੱਚ ਸਾਡੀ ਪਹਿਲ ਦਾ ਲਾਭ ਪੂਰੀ ਮਨੁੱਖਤਾ ਅਤੇ ਪੂਰੀ ਦੁਨੀਆ ਨੂੰ ਮਿਲਣ ਵਾਲਾ ਹੈ। ਨਵੇਂ ਪਲਾਂਟ ਨਾਲ 'ਮੇਕ ਇਨ ਇੰਡੀਆ' ਅਤੇ 'ਮੇਕ ਫਾਰ ਦ ਵਰਲਡ' ਨੂੰ ਹੋਰ ਜ਼ਿਆਦਾ ਮਜ਼ਬੂਤੀ ਮਿਲੇਗੀ।

ਭਾਰਤ ਦਾ ਮੰਨਣਾ ਹੈ ਕਿ, 21ਵੀਂ ਸਦੀ ਦਾ ਇਹ ਕਾਲਖੰਡ, ਸਿਰਫ ਆਰਥਿਕ ਮੁਕਾਬਲੇਬਾਜ਼ੀ ਦਾ ਸਮਾਂ ਨਹੀਂ ਹੈ। ਇਹ ਭਵਿੱਖ ਦੇ ਟੇਕ ਲੈਂਡਸਕੇਪ ਨੂੰ ਆਕਾਰ ਦੇਣ ਦਾ ਸਹੀ ਸਮਾਂ ਹੈ। ਇਸ ਦਹਾਕੇ ਵਿੱਚ ਭਾਰਤ, ਤਕਨਾਲੋਜੀ ਨਾਲ ਜੁੜੀ ਜੋ ਪਹਿਲ ਕਰ ਰਿਹਾ ਹੈ, ਉਹ ਆਉਣ ਵਾਲੇ ਦਹਾਕਿਆਂ ਵਿੱਚ ਭਾਰਤ ਦੀ ਅਗਵਾਈ ਨੂੰ ਮਜ਼ਬੂਤ ਕਰੇਗੀ।

ਉਦਘਾਟਨ


## ਸੜਕ ਅਤੇ ਰੇਲ ਸੰਪਰਕ ਵਧਿਆ

**5,100** ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਤਿਆਰ ਅਹਿਮਦਾਬਾਦ- ਧੋਲੇਰਾ ਐਕਸਪ੍ਰੈੱਸਵੇਅ ਦਾ ਉਦਘਾਟਨ।

ਇਹ ਐਕਸਪ੍ਰੈੱਸਵੇਅ ਖੇਤਰੀ ਸੰਪਰਕ ਨੂੰ ਬਿਹਤਰ ਬਣਾਏਗਾ, ਧੋਲੇਰਾ ਵਿਸ਼ੇਸ਼ ਨਿਵੇਸ਼ ਖੇਤਰ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਵੇਗਾ।

- ਗਾਂਧੀਨਗਰ –ਕੋਬਾ- ਆਰੋਦਰਾਮ ਰੋਡ 'ਤੇ ਸਥਿਤ ਪੀਡੀਪੀਯੂ ਜੰਕਸ਼ਨ 'ਤੇ ਵੀ ਫਲਾਈ ਓਵਰ ਦਾ ਉਦਘਾਟਨ।
- ਕਨਲਸ- ਜਾਮਨਗਰ ਡਬਲਿੰਗ ਪ੍ਰੋਜੈਕਟ (28 ਕਿਲੋਮੀਟਰ), ਰਾਜਕੋਟ –ਕਨਲਸ ਡਬਲਿੰਗ ਪ੍ਰੋਜੈਕਟ ਦਾ ਇੱਕ ਹਿੱਸਾ (111.20 ਕਿਲੋਮੀਟਰ) ਅਤੇ ਗਾਂਧੀਧਾਮ –ਆਦੀਪੁਰ ਸੈਕਸ਼ਨ (10.69 ਕਿਲੋਮੀਟਰ) ਦਾ ਚਾਰ ਗੁਣਾ ਵਿਸਥਾਰ ਰਾਸ਼ਟਰ ਨੂੰ ਸਮਰਪਿਤ।
- ਹਿੰਮਤਨਗਰ –ਖੇੜਬ੍ਰਹਮਾ ਗੇਜ ਕਨਵਰਜਨ ਪ੍ਰੋਜੈਕਟ (54.83 ਕਿਲੋਮੀਟਰ) ਦਾ ਵੀ ਉਦਘਾਟਨ ਕੀਤਾ, ਜਿਸ ਨਾਲ ਖੇਤਰ ਵਿੱਚ ਰੇਲ ਸੰਪਰਕ ਅਤੇ ਯਾਤਰੀ ਆਵਾਜਾਈ ਵਿੱਚ ਸੁਧਾਰ ਹੋਵੇਗਾ।
- ਖੇੜਬ੍ਰਹਮਾ –ਹਿੰਮਤਨਗਰ –ਅਸਰਵਾ ਟ੍ਰੇਨ ਸੇਵਾ ਨੂੰ ਹਰੀ ਝੰਡੀ ਦਿਖਾਈ।

## ਇਹ ਸੁਵਿਧਾਵਾਂ ਵੀ ਵਧੀਆਂ



**₹3,650** ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਖਾਵੜਾ ਪੁਲਿੰਗ ਸਟੇਸ਼ਨ -2 ਅਤੇ ਉਸ ਨਾਲ ਜੁੜੇ 4.5 ਗੀਗਾਵਾਟ ਨਵਿਆਉਣਯੋਗ ਊਰਜਾ ਟ੍ਰਾਂਸਮਿਸ਼ਨ ਲਾਈਨ ਪ੍ਰੋਜੈਕਟ ਦਾ ਉਦਘਾਟਨ।

- ਅਹਿਮਦਾਬਾਦ ਅਤੇ ਅਸਰਵਾ ਸਥਿਤ ਸਿਵਿਲ ਹਸਪਤਾਲ ਵਿੱਚ 858 ਬੈੱਡਾਂ ਵਾਲੇ ਰੈਨ ਬਸੇਰਾ ਅਤੇ ਗਾਂਧੀ ਨਗਰ ਦੇ ਸਿਵਿਲ ਹਸਪਤਾਲ ਅਤੇ ਜੀਐੱਮਆਰਐੱਸ ਮੈਡੀਕਲ ਕਾਲਜ ਵਿੱਚ ਇਸੇ ਤਰ੍ਹਾਂ ਦੀਆਂ ਸੁਵਿਧਾਵਾਂ ਦਾ ਉਦਘਾਟਨ।
- ਲਗਭਗ 1,780 ਕਰੋੜ ਰੁਪਏ ਦੀ ਲਾਗਤ ਵਾਲੇ ਦੋ ਪ੍ਰਮੁੱਖ ਵਾਟਰ ਪਾਈਪ ਲਾਈਨ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ।
- ਅਹਿਮਦਾਬਾਦ ਦੇ ਵੇਜਲਪੁਰ ਵਿੱਚ ਸਕਾਲਰਸ਼ਿਪ ਦਾ ਉਦਘਾਟਨ।

ਪ੍ਰਧਾਨ ਮੰਤਰੀ ਮੋਦੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਰੱਖਿਆ ਗਿਆ ਇਨ੍ਹਾਂ ਪ੍ਰੋਜੈਕਟਾਂ ਦਾ ਨੀਂਹ ਪੱਥਰ

- ਪੱਕੀ ਸ਼ੋਲਡਰ ਵਾਲੀ ਚਾਰ ਲੇਨ ਦੀ ਇਦਰ- ਬਡੋਲੀ ਬਾਈਪਾਸ ਸੜਕ ਦਾ ਨਿਰਮਾਣ।
- ਐੱਨਐੱਚ- 75 ਦੇ ਧੋਲਾਵੀਰਾ- ਮੌਵਾਨਾ, ਵਾਉਵਾ –ਸੰਤਾਲਪੁਰ ਸੈਕਸ਼ਨ (ਪੈਕੇਜ - ।।) ਨੂੰ ਦੋ ਲੇਨ ਦੀ ਪੱਕੀ ਸ਼ੋਲਡਰ ਵਾਲੀ ਸੜਕ ਦਾ ਅਪਗ੍ਰੇਡੇਸ਼ਨ।
- ਗਾਂਧੀਨਗਰ- ਕੋਬਾ- ਏਅਰਪੋਰਟ ਰੋਡ 'ਤੇ ਭਾਈਜੀਪੁਰਾ ਜੰਕਸ਼ਨ 'ਤੇ ਬਣਨ ਵਾਲੇ ਫਲਾਈ ਓਵਰ ਸਮੇਤ ਕਈ ਮਹੱਤਵਪੂਰਨ ਸੜਕ ਬੁਨਿਆਦੀ ਢਾਂਚਾ ਪ੍ਰੋਜੈਕਟ। ਫਲਾਈ ਓਵਰ ਦੇ ਹੇਠਾਂ ਯੋਜਨਾਬੱਧ ਪਾਰਕਿੰਗ ਦੀ ਸੁਵਿਧਾ ਉਪਲਬਧ ਹੋਵੇਗੀ।
- ਬਨਾਸਕਾਂਠਾ ਵਿੱਚ ਬਲਰਾਮ ਮਹਾਦੇਵ ਅਤੇ ਵਿਸ਼ਵੇਸ਼ਵਰ ਵਿੱਚ ਟੂਰਿਜ਼ਮ ਇਨਫ੍ਰਾਸਟ੍ਰਕਚਰ ਕਾਰਜਾਂ ਦਾ ਨੀਂਹ ਪੱਥਰ।
- ਅੰਬਾਜੀ ਅਤੇ ਆਲੇ- ਦੁਆਲੇ ਦੇ ਪੇਂਡੂ ਖੇਤਰਾਂ ਦੇ ਲਈ ਵਾਟਰ ਸਪਲਾਈ ਸਕੀਮ। ਇਸ ਨਾਲ ਲਗਭਗ 1.5 ਲੱਖ ਲੋਕਾਂ ਨੂੰ ਲਾਭ ਹੋਵੇਗਾ।

ਲਗਭਗ **₹1,000** ਕਰੋੜ ਰੁਪਏ ਦੇ ਨਿਵੇਸ਼ ਨਾਲ ਗਾਂਧੀਨਗਰ ਜ਼ਿਲ੍ਹੇ ਵਿੱਚ ਤਿਆਰ ਤਿੰਨ ਸਾਬਰਮਤੀ ਨਦੀ ਤਟ ਵਿਸਥਾਰ ਪ੍ਰੋਜੈਕਟ।

ਜੇਕਰ ਏਆਈ ਅਪਣਾਉਣ ਦੇ ਮਾਮਲੇ ਵਿੱਚ ਦੇਖੀਏ ਤਾਂ ਭਾਰਤ, ਦੁਨੀਆ ਵਿੱਚ ਸਭ ਤੋਂ ਅੱਗੇ ਹੈ। ਡਿਜੀਟਲ ਇੰਡੀਆ ਦੀ ਸਫਲਤਾ, ਫਿਨਟੈੱਕ ਵਿੱਚ ਹੋ ਰਿਹਾ ਸ਼ਾਨਦਾਰ ਕੰਮ, ਇਹ ਤਕਨਾਲੋਜੀ 'ਤੇ ਭਾਰਤੀਆਂ ਦੇ ਭਰੋਸੇ ਨੂੰ ਦਰਸਾਉਂਦਾ ਹੈ।

ਮਹਾਵੀਰ ਜਯੰਤੀ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਗਾਂਧੀਨਗਰ ਦੇ ਕੋਬਾ ਤੀਰਥ ਵਿਖੇ ਸਮਰਾਟ ਸੰਪ੍ਰਤੀ ਮਿਊਜ਼ੀਅਮ ਦਾ ਉਦਘਾਟਨ ਕੀਤਾ। ਅਸ਼ੋਕ ਦੇ ਪੋਤਰੇ ਅਤੇ ਜੈਨ ਧਰਮ ਦੇ ਪ੍ਰਚਾਰ- ਪ੍ਰਸਾਰ ਦੇ ਲਈ ਪ੍ਰਸਿੱਧ ਸਮਰਾਟ ਸੰਪ੍ਰਤੀ ਦੇ ਨਾਮ 'ਤੇ ਸਥਾਪਿਤ ਇਹ ਮਿਊਜ਼ੀਅਮ ਜੈਨ ਧਰਮ ਦੀ ਸਮ੍ਰਿੱਧ ਇਤਿਹਾਸਕ, ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਦਾ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਜਦੋਂ ਪੂਰਾ ਵਿਸ਼ਵ ਅਸਥਿਰਤਾ ਅਤੇ ਅਸ਼ਾਂਤੀ ਦੀ ਅੱਗ ਵਿੱਚ ਝੁਲਸ ਰਿਹਾ ਹੈ, ਅਜਿਹੇ ਸਮੇਂ ਵਿੱਚ ਸਮਰਾਟ ਸੰਪ੍ਰਤੀ ਮਿਊਜ਼ੀਅਮ ਦਾ ਸੁਨੇਹਾ ਸਿਰਫ ਭਾਰਤ ਦੇ ਲਈ ਹੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੇ ਲਈ ਬਹੁਤ ਅਹਿਮ ਹੈ। ਤਾੜ ਦੇ ਪੱਤੇ ਅਤੇ ਭੋਜ ਪੱਤਰ 'ਤੇ ਅੰਕਿਤ ਸੈਂਕੜੇ ਵਰ੍ਹੇ ਪੁਰਾਣਾ ਦੁਰਲਭ ਗਿਆਨ ਕੋਬਾ ਤੀਰਥ ਵਿੱਚ ਸੁਰੱਖਿਅਤ ਅਤੇ ਜੋੜਿਆ ਗਿਆ ਹੈ। ਇਹ ਯਤਨ ਸਿਰਫ ਸਾਡੇ ਅਤੀਤ ਅਤੇ ਮੌਜੂਦਾ ਨੂੰ ਜੋੜਨ ਵਾਲਾ ਨਹੀਂ ਹੈ, ਸਗੋਂ ਸਾਡੇ ਭਵਿੱਖ ਦੇ ਲਈ ਵੀ ਬਹੁਤ ਉਪਯੋਗੀ ਹੈ। *



PMO India
@PMOIndia

हमारी economy के fundamentals मज़बूत हैं।

और सरकार पल-पल बदलते हालात पर नज़र रखे हुए है।

सरकार, इसके short-term, medium-term और long-term,ऐसे हर प्रभाव के लिए एक रणनीति के साथ काम कर रही है: PM @narendramodi



रक्षा मंत्री कार्यालय/ RMO India
@DefenceMinIndia

लगभग पाँच वर्ष पहले, जब प्रधानमंत्री जी ने, सैनिक स्कूलों में बच्चियों के प्रवेश की शुरुआत का निर्णय लिया, तो वह एक ऐतिहासिक निर्णय था। वह निर्णय, हमारी नारी शक्ति के सशक्तिकरण की दिशा में, एक क्रांतिकारी कदम था। मुझे यह देखकर बड़ी प्रसन्नता होती है, कि इस विद्यालय की होनहार बालिकाओं ने, inter-school बास्केटबॉल, फुटबॉल, एथलेटिक्स तथा cultural programs में, उत्कृष्ट प्रदर्शन करके यह साबित कर दिया है, कि हमारी 'बेटियाँ', किसी भी क्षेत्र में, हमारे 'बेटों' से कम नहीं हैं: रक्षा मंत्री श्री @rajnathsingh



Office of Amit Shah
@AmitShahOffice

AI समिट में देश के युवाओं के लिए जो अवसर बनाने का काम मोदी जी कर रहे थे, उसमें कांग्रेस ने बाधा डालने का काम किया। इसे पूरे देश ने देखा है और इस पर निश्चित रूप से कठोर कार्रवाई होनी चाहिए :केन्द्रीय गृह मंत्री श्री @AmitShah जी
#AmitShahOnTimesNow



Nitin Gadkari
@nitin_gadkari

Union Cabinet, chaired by Prime Minister Shri @narendramodi Ji, has approved the Small Hydro Power (SHP) Development Scheme for FY 2026-27 to FY 2030-31. The initiative will promote projects of 1-25 MW capacity, particularly in hilly and North-Eastern regions with significant untapped potential.



Giriraj Singh
@girirajsinghbjp

माननीय प्रधानमंत्री जी के नेतृत्व में भारत स्मार्टफोन मैन्युफैक्चरिंग के क्षेत्र में एक प्रमुख वैश्विक हब के रूप में उभर रहा है।

स्मार्टफोन अब देश का सबसे बड़ा मर्चेंडाइज निर्यात बन चुका है, और अमेरिका को आपूर्ति के मामले में भारत ने चीन को पीछे छोड़ दिया है।

'मेक इन इंडिया' और PLI योजना के माध्यम से उत्पादन, निवेश, रोजगार और निर्यात में उल्लेखनीय वृद्धि दर्ज की गई है।



Dharmendra Pradhan
@dpradhanbjp

Until 2014, only 54 institutions from India were featured in the QS rankings. Today, that number has risen to 290.

This remarkable growth over the past 11-12 years stands as a global testament to our sustained efforts in strengthening and transforming the education sector.



Focus on 'Team India': PM to CMs in meet on W Asia war

Govt working to minimise crisis impact on India: PM

Slams Oppn For Rumours 'Causing Major Harm To Country'

PM unveils chip facility, ₹20k-cr Guj infra projects

NEW FLIGHT TO UTTAR PRADESH'S GROWTH AND DEVELOPMENT: CM YOGI

PM opens Jewar airport, flags ethanol push as shield against energy crisis

Highlights role of farmers, especially sugarcane growers in Western UP

India has become free from Naxals, declares Shah in LS

UNION HOME MINISTER SPEAKS IN LOK SABHA DAY BEFORE MARCH 31 DEADLINE

Maoists 'more or less wiped out' from Bastar, says Shah; task not over: Opp

**ਵਿਸ਼ਵ ਪ੍ਰਿਥਵੀ ਦਿਵਸ : 22 ਅਪ੍ਰੈਲ**

# ਪ੍ਰਿਥਵੀ ਨੂੰ ਬਚਾਉਣਾ

## ਸਾਡੇ ਸਾਰਿਆਂ ਦੀ ਜ਼ਿੰਮੇਵਾਰੀ

"माता भूमिः पुत्रोऽहं पृथिव्याः" ਅਰਥਾਤ 'ਧਰਤੀ ਮੇਰੀ ਮਾਤਾ ਹੈ ਅਤੇ ਮੈਂ ਧਰਤੀ ਦਾ ਪੁੱਤਰ ਹਾਂ'। ਇਹ ਦਰਸਾਉਂਦਾ ਹੈ ਕਿ ਮਨੁੱਖ ਅਤੇ ਕੁਦਰਤ ਦੇ ਵਿਚਕਾਰ ਰਿਸ਼ਤਾ ਅਟੁੱਟ ਹੈ। ਇੰਨਾ ਹੀ ਨਹੀਂ, ਪ੍ਰਿਥਵੀ ਜੀਵਨ ਨੂੰ ਪੋਸ਼ਿਤ ਕਰਦੀ ਹੈ ਅਤੇ ਸਾਡੇ ਵਿਕਾਸ ਦੇ ਲਈ ਜ਼ਰੂਰੀ ਈਕੋਸਿਸਟਮ ਦਾ ਪੋਸ਼ਣ ਕਰਦੀ ਹੈ। ਇਹੀ ਕਾਰਨ ਹੈ ਕਿ ਹਰ ਵਰ੍ਹੇ 22 ਅਪ੍ਰੈਲ ਨੂੰ ਵਿਸ਼ਵ ਪ੍ਰਿਥਵੀ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਵਾਤਾਵਰਣ ਦੀ ਸੰਭਾਲ ਵੱਲ ਧਿਆਨ ਖਿੱਚਣਾ ਹੈ। ਨਾਲ ਹੀ, ਸਾਡਾ ਇਹ ਫਰਜ਼ ਹੈ ਕਿ ਅਸੀਂ ਪ੍ਰਿਥਵੀ ਦੀ ਸਿਹਤ ਦੀ ਰੱਖਿਆ ਅਤੇ ਪ੍ਰਚਾਰ ਦੇ ਲਈ ਅਤਿਅੰਤ ਸਾਵਧਾਨੀ ਨਾਲ ਕਰੀਏ ਪਰਉਪਕਾਰ ......





"ਪ੍ਰਿਥਵੀ ਦਿਵਸ 'ਤੇ, ਮੈਂ ਉਨ੍ਹਾਂ ਸਾਰਿਆਂ ਦੀ ਸ਼ਲਾਘਾ ਕਰਦਾ ਹਾਂ ਜੋ ਸਾਡੀ ਧਰਤੀ ਨੂੰ ਬਿਹਤਰ ਬਣਾਉਣ ਦੇ ਲਈ ਕੰਮ ਕਰ ਰਹੇ ਹਨ। ਭਾਰਤ ਕੁਦਰਤ ਦੇ ਨਾਲ ਸਦਭਾਵਨਾ ਨਾਲ ਰਹਿਣ ਦੇ ਸਾਡੇ ਸੱਭਿਆਚਾਰ ਦੇ ਅਨੁਸਾਰ ਟਿਕਾਊ ਵਿਕਾਸ ਨੂੰ ਅੱਗੇ ਵਧਾਉਣ ਦੇ ਲਈ ਵਚਨਬੱਧ ਹੈ। - **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


ਨਿਊ ਇੰਡੀਆ **ਸਮਾਚਾਰ** ਪੰਦਰਵਾੜਾ

**RNI NO.: DELENG/2020/78808 APRIL 16-30, 2026**
RNI Registered No DELENG/2020/78811 (Publishing Date: April 03,2026 Pages: 54)

**EDITOR IN CHIEF**
**Dhirendra Ojha**
Principal Director General
Press Information Bureau, New Delhi

**PUBLISHED:**
**Kanchan Prasad**
Director General, on behalf of
Central Bureau Of Communication

**PUBLISHED FROM:**
Room No–278, Central Bureau Of Communication, 2nd Floor, Soochna Bhawan, New Delhi -110003